# ਵਰਿਆਮ

ਅਪਰੈਲ ੧੯੯੩

ਰੱਬਾ ਮੇਰੇ ਹਾਲ ਦਾ ਮਹਿਰਮ ਤੂੰ
ਅੰਦਰਿ ਤੂੰ ਹੈ ਬਾਹਰ ਤੂੰ ਹੈ
ਰੋਮ ਰੋਮ ਵਿਚ ਤੂੰ
ਤੂੰ ਹੈ ਤਾਣਾ ਤੂੰ ਹੈ ਮਾਣਾ
ਸਭ ਕਿਛ ਮੇਰਾ ਤੂੰ
ਕਹੈ ਹੁਸੈਨ ਫਕੀਰ ਨਿਮਾਣਾ
ਮੈਂ ਨਾਹੀਂ ਸਭ ਤੂੰ

—ਸ਼ਾਹ ਹੁਸੈਨ

Sri Satguru Jagjit Singh Ji eLibrary NamdhariElibrary@gmail.com

# ਐਂਬਰ ਬਿਸਕੁਟ ਪ੍ਰਾ: ਲਿ:

## ਹੈਦਰਾਬਾਦ

https://archive.org/details/namdhari

**ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ**

# AMBER BISCUITS Pvt. Ltd.

**SANTOSH NAGAR, X'ROAD, HYDERABAD-500036 INDIA**



Sri Satguru Jagjit Singh Ji eLibrary NamdhariElibrary@gmail.com

HIGH CLASS GUN MANUFACTURERS

(SINGLE & DOUBLE BARRELS) 12-BORE GUNS

ALSO SALE & PURCHASES OF

INDIAN & IMPORTED (12-Bore Guns, Revolvers/Pistols N. P· Bore) Guns

Also Repairers of all Types of Guns



# Once Purchased Ever Purchased

Best Quality of The Day is Our Motto

Contact Us With Full Confidance :

Hallo : Factory : 33810
Resi : (PP)

# Free India Gun Manufacturers

Prop : S. KARTAR SINGH (JAMMU-WALE)

6 Industrial Estate, Ashok Nagar,

Jammu Cantt.-3

Sister Concers :

M/s KARTAR SINGH

ARMS & AMMUNITION DEALERS



Sri Satguru Jagjit Singh Ji eLibrary NamdhariElibrary@gmail.com

https://archive.org/details/namdhari


JANTA

HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
● RUBBER MOULDING
● CONVEYOR & TRANSMISSION BELTING
● PLYWOOD HOT PRESSES
● DEEP DRAWING
● CLUTCH FACING & BRAKE LINING



੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ।

Manufacturers of:-




* SONY
* EAGLE
* VIZLA

PRESSURE COOKERS

Phone: 5417155

N.J. INDUSTRIES
F-99, Bali Nagar, New Delhi-110015

*Narender Singh* Prop.



GOLD MEDAL WINNER
(1982-1983)

JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P. to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
Jayson Electric Co. (Regd.)
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634




Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਅਪਰੈਲ-੧੯੯੩ ਜਿਲਦ-੧੮ ਅੰਕ—੬

ਤੱਤਕਰਾ


| | | |
|---|---|---|
| ਸੱਤਰ ਸਾਲ ਪਹਿਲਾਂ ਦੀ ਇਕ ਕਾਤਰ...... | | ੬ |
| ਗੁਆਚੀ ਹੋਈ ਮੁਸ਼ਕ | ਅਫਜ਼ਲ ਅਹਿਸਨ ਰੰਧਾਵਾ | ੯ |
| ਮੁੜ ਗੁਆਚੀ ਖੁਸ਼ਬੂ | —ਜਤਿੰਦਰਪਾਲ ਸਿੰਘ ਜੌਲੀ | ੧੨ |
| ਗ਼ਜ਼ਲ...... | ਜਤਿੰਦਰਪਾਲ ਸਿੰਘ ਜੌਲੀ | ੧੬ |
| ਪੰਜਾਬੀ ਜ਼ਬਾਨ ਨਹੀਂ ਮਰੇਗੀ | | ੧੭ |
| ਗੱਲਬਾਤ ਪ੍ਰੋ: ਸਈਅਦ ਫਾਰਾਨੀ ਕੰਮੀ ਨਾਲ | | |
| ਇਕ ਸਮੂਹ ਗਾਣ | ਸੁਰਜੀਤ ਖੁਰਸ਼ੀਦੀ | ੨੭ |
| ਗਜ਼ਲ | ਡੀ. ਆਰ. ਧਵਨ | ੨੭ |
| ਚੋਬਰਗੇ | —ਅਜਾਇਬ ਸਿੰਘ | ੨੭ |
| ਅਨਿਰੁਧ ਦੀਆਂ ਕਵਿਤਾਵਾਂ | | ੨੮ |
| ਇਹ ਸ਼ੋਰ-ਸ਼ਰਾਬਾ | —ਟੀ. ਆਰ, ਅਰੋੜਾ | ੩੦ |
| ਤਰਨ ਸਿੰਘ 'ਵਹਿਮੀ' ਦਾ ਪਿਛੋਕੜ ਅਤੇ ਸਾਹਿਤਕ ਘਾਲਣਾ | —ਸਵਰਨ ਸਿੰਘ ਵਿਰਕ | ੩੨ |
| ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ | | ੩੭ |



ਵਰਿਆਮ ਦੇ ਦਰ

*ਵਿਸ਼ੇਸ਼ ਅੰਕ* — ੫ ਰੁਪਏ

| | |
|---|---|
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੨੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।


ਵਰਿਆਮ ਵਿਚ ਛੱਪੇ ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ।

# ਸਰਦਾਰ ਹੰਸਪਾਲ 'ਪੰਥ ਭੂਸ਼ਨ'

ਸ: ਹਰਵਿੰਦਰ ਸਿੰਘ ਹੰਸਪਾਲ ਬਹੁ ਪ੍ਰਤਿਭਾਸ਼ਾਲੀ ਵਿਅਕਤੀ ਹਨ । ਉਹਨਾਂ ਦੀਆਂ ਸਮਾਜ ਪ੍ਰਤੀ ਘਾਲਨਾਵਾਂ ਦਾ ਇਕ ਲੰਮਾ ਸਿਲਸਲਾ ਹੈ ! ਨਾਮਧਾਰੀ ਸਮਾਜ ਦੇ ਉਹ ਸ਼ਿੰਗਾਰ ਹਨ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਅਤਿ ਨਿਕਟੀ ਅਤੇ ਕ੍ਰਿਪਾ ਦ੍ਰਿਸ਼ਟੀ ਦੇ ਪਾਤਰ । ਉਹਨਾਂ ਬਾਰਾਂ ਸਾਲ ਭਾਰਤ ਦੀ ਪਾਰਲੀਮੈਂਟ ਵਿਚ ਰਹਿ ਕੇ ਉਚੇ ਕਿਰਦਾਰ ਦਾ ਨਮੂਨਾ ਪੇਸ਼ ਕਰਦਿਆਂ ਹਰ ਵਰਗ ਵਿਚੋਂ ਸਤਿਕਾਰ ਪ੍ਰਾਪਤ ਕੀਤਾ ਹੈ । ਪੰਜਾਬੀ ਭਾਸ਼ਾ ਅਤੇ ਸਭਿਆਚਾਰ ਵਾਸਤੇ ਉਹਨਾਂ ਅਮਲੀ ਘਾਲਣਾ ਘਾਲੀ ਹੈ । ਬਹੁਤ ਸਾਰੀਆਂ ਸੰਸਥਾਵਾਂ ਦੇ ਉਹ ਮੋਹਰੀ ਸਨ ।

ਸਰਬ ਹਿੰਦ ਨਾਮਧਾਰੀ ਦਰਬਾਰ ਦੇ ਉਹ ਜਨਰਲ ਸਕਤਰ ਹਨ ਅਤੇ ਦਰਬਾਰ ਨੂੰ ਨਵੀਨ ਯੁਗ ਨਾਲ ਕਦਮ ਮਿਲਾ ਕੇ ਚਲਣ ਲਈ ਉਹਨਾਂ ਪ੍ਰਚਾਰ ਅਤੇ ਪਰਸਾਰ ਲਈ ਬਹੁਤ ਹੀਲੇ ਕੀਤੇ ਹਨ । ਪੁਸਤਕ ਪ੍ਰਕਾਸ਼ਨਾਵਾਂ ਦਾ ਇਕ ਲੰਮਾ ਸਿਲਸਿਲਾ ਸ਼ੁਰੂ ਕੀਤਾ ਅਤੇ ਵਧੀਆ ਛਪਾਈ ਅਤੇ ਦਿਖ ਵਾਲੀਆਂ ਪੁਸਤਕਾਂ ਛਪਵਾਉਣ ਦਾ ਪਰਬੰਧ ਕੀਤਾ ਹੈ । ਸਪਤਾਹਿਕ ਸਤਿਜੁਗ ਨੂੰ ਨਵੀਨ ਢੰਗ ਨਾਲ ਛਪਵਾਉਣ ਲਈ ਉਹਨਾਂ ਹੰਭਲਾ ਮਾਰਿਆ ਹੈ । ਨਾਮਧਾਰੀ ਵਿਦਿਅਕ ਜਥੇ ਦੇ ਉਹ ਬਾਨੀਆਂ ਵਿਚੋਂ ਹਨ ਅਤੇ ਇਸ ਜੱਥੇ ਅਤੇ ਦਰਬਾਰ ਦੀਆਂ ਸਰਗਰਮੀਆਂ ਨਾਲ ਸਦਾ ਜੁੜੇ ਹਨ । ਵਿਦਿਅਕ ਜਥੇ ਅਤੇ ਦਰਬਾਰ ਦੀਆਂ ਭਾਵਨਾਵਾਂ ਨੂੰ ਸਵੀਕਾਰ ਕਰਦੇ ਹੋਏ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵਲੋਂ ਸ੍ਰੀ ਭੈਣੀ ਸਾਹਿਬ ਵਿਖੇ ਇਸ ਵਾਰ ਹੋਲੇ ਮਹੱਲੇ ਦੇ ਸਮਾਗਮ ਦੇ ਅੰਤਲੇ ਦਿਨ ਮਿਤੀ ੧੧ ਮਾਰਚ ੧੯੯੩ ਨੂੰ ਹੰਸਪਾਲ ਜੀ ਨੂੰ ਪੰਥ ਭੂਸ਼ਣ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ ਹੈ । ਉਹਨਾਂ ਨੂੰ ਇਸ ਸੰਬੰਧ ਵਿਚ ਵਿਸ਼ੇਸ਼ ਸਿਰੋਪਾ ਬਖਸ਼ਿਸ਼ ਕੀਤਾ ਗਿਆ ਹੈ । ਅਸੀਂ ਦਿਲ ਦੀਆਂ ਡੂੰਘਾਈਆਂ ਚੋਂ ਸ: ਹਰਵਿੰਦਰ ਸਿੰਘ ਹੰਸਪਾਲ ਜੀ ਦੇ ਇਸ ਸਨਮਾਨ ਤੇ ਮਾਣ ਕਰਦੇ ਹੋਏ ਵਧਾਈਆਂ ਅਰਪਿਤ ਕਰਦੇ ਹਾਂ ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ

ਦਿੱਲੀ ਵਿਚ ਤੀਸਰੀ ਵਿਸ਼ਵ ਪੰਜਾਬੀ ਕਾਨਫਰੰਸ ੯-੧੦-੧੧ ਅਪਰੈਲ ਨੂੰ ਹੋ ਰਹੀ ਹੈ। ਇਸ ਵੇਲੇ ਪੰਜਾਬੀ ਭਾਸ਼ਾ ਇਸ ਦੇ ਬੋਲਣ ਵਾਲਿਆਂ ਦੀ ਗਿਣਤੀ ਦੇ ਪੱਖ ਤੋਂ ਸੰਸਾਰ ਦੀਆਂ ਉਤਲੀਆਂ ਤੇਰਾਂ ਭਾਸ਼ਾਵਾਂ ਵਿਚ ਆਉਂਦੀ ਹੈ।

ਇਸ ਦੇ ਬੋਲਣ ਵਾਲੇ ਏਸ਼ੀਆ ਅਫਰੀਕਾ ਅਮਰੀਕਾ ਯੂਰਪ ਤੇ ਆਸਟਰੇਲੀਆ ਉਪ ਦੀਪਾਂ ਵਿਚ ਖਿਲਰੇ ਪਏ ਹਨ। ਇਹ ਗਲ ਵੀ ਕੋਈ ਅਤਿਕਥਨੀ ਨਹੀਂ ਕਿ ਇਸ ਦੇ ਸਾਹਿਤ ਨੇ ਵੀ ਸੰਸਾਰ ਸਾਹਿਤ ਵਿਚ ਆਪਣਾ ਨਾਂਅ ਬਣਾਇਆ ਹੈ ਪਰ ਇਹ ਵੀ ਅਤਿਕਥਨੀ ਨਹੀਂ ਕਿ ਇਸ ਦੇ ਪੁਤਰਾਂ ਨੇ ਆਪਣੀ ਮਾਂ ਦਾ ਭਾਰੀ ਤ੍ਰਿਸਕਾਰ ਵੀ ਕੀਤਾ ਹੈ। ਪੰਜਾਬੀ ਦੇ ਗੜ੍ਹ ਪੂਰਬੀ ਤੇ ਪਛਮੀ ਪੰਜਾਬ ਹੀ ਸਮਝੇ ਜਾਂਦੇ ਹਨ। ਪੂਰਬੀ ਪੰਜਾਬ ਵਿਚ ਭਾਵੇਂ ਇਹ ਸਰਕਾਰ ਦੀ ਪ੍ਰਵਾਨਤ ਭਾਸ਼ਾ ਵਜੋਂ ਰਾਜ ਸਿੰਘਾਸਨ ਤੇ ਬਿਰਾਜਮਾਨ ਹੈ ਪਰ ਫਿਰ ਵੀ ਸੱਤਾ ਇਸ ਦੇ ਹੱਥ ਨਹੀਂ ਤੇ ਹਰ ਪਧਰ ਤੇ ਇਸ ਨੂੰ ਢਾਅ ਲਾਉਣ ਦੇ ਜਤਨ ਹੋ ਰਹੇ ਹਨ। ਵਾਇਦੇ ਕਰਕੇ ਮੁਕਰਿਆ ਜਾ ਰਿਹਾ ਹੈ ਅਤੇ ਲੇਖਕ ਧਰਨੇ ਮਾਰ ਰਹੇ ਗ੍ਰਿਫਤਾਰੀਆਂ ਦੇ ਰਹੇ ਹਨ। ਪਛਮੀ ਪੰਜਾਬ, ਪਾਕਿਸਤਾਨ ਵਿਚ ਤਾਂ ਇਸਨੂੰ ਰਾਜ ਦਰਬਾਰੇ ਵੀ ਮਾਨਤਾ ਨਹੀਂ ਅਤੇ ਉਥੇ ਇਸ ਮਾਨਤਾ ਲਈ ਸੰਘਰਸ਼ ਚਲ ਰਿਹਾ ਹੈ। ਪੰਜਾਬੀ ਨੂੰ ਇਸ ਦਾ ਹੱਕੀ ਸਥਾਨ ਦੁਆਉਣ ਲਈ ਲੇਖਕ ਚੇਤਨਾ ਪੈਦਾ ਕਰਨ ਦਾ ਜਤਨ ਕਰ ਰਹੇ ਹਨ।

ਇਸ ਵੇਲੇ ਇਹ ਵਿਸ਼ਵ ਪੰਜਾਬੀ ਕਾਨਫਰੰਸ ਦਿਲੀ ਵਿਚ ਹੋ ਰਹੀ ਹੈ। ਦਿੱਲੀ ਵਾਲੀ ਕਾਨਫਰੰਸ ਦਾ ਮਹੱਤਵ ਪਿਛਲੀਆਂ ਕਾਨਫਰੰਸਾਂ ਨਾਲੋਂ ਬਹੁਤ ਵੱਧ ਗਿਆ ਹੈ। ਇਸ ਕਾਨਫਰੰਸ ਵਿਚ ਜੇ ਸਰਕਾਰੀ ਆਗਿਆ ਮਿਲ ਗਈ ਤਾਂ ਪਾਕਿਸਤਾਨ ਅਤੇ ਦੁਨੀਆ ਦੇ ਬਾਕੀ ਹਿਸਿਆਂ ਵਿਚੋਂ ਭਾਰੀ ਗਿਣਤੀ ਵਿਚ ਪੰਜਾਬੀ ਪਿਆਰੇ ਪੁਜਣਗੇ। ਇਸ ਕਾਨਫਰੰਸ ਨੂੰ ਸਫਲ ਬਨਾਉਣ ਵਾਸਤੇ ਇਸ ਦੇ ਪ੍ਰਧਾਨ ਸ: ਹਰਵਿੰਦਰ ਸਿੰਘ ਹੰਸਪਾਲ ਜਨਰਲ ਸਕੱਤਰ ਸ: ਮਹੀਪ ਸਿੰਘ ਅਤੇ ਉਹਨਾਂ ਦੀ ਟੀਮ ਨੇ ਦੁਨੀਆ ਭਰ ਵਿਚ ਸੰਪਰਕ ਕਾਇਮ ਕੀਤੇ ਹਨ ਅਤੇ ਥਾਂ ਥਾਂ ਜਾ ਕੇ ਕਾਨਫਰੰਸ ਵਾਸਤੇ ਪ੍ਰੇਰਿਆ ਹੈ। ਅਸੀਂ ਕਾਮਨਾ ਕਰਦੇ ਹਾਂ ਕਿ ਇਸ ਕਾਨਫਰੰਸ ਵਿਚੋਂ ਪੰਜਾਬੀਆਂ ਦੀ ਏਕਤਾ ਅਤੇ ਪੰਜਾਬੀ ਭਾਸ਼ਾ ਦੀ ਪਹਿਚਾਣ ਅਤੇ ਇਸ ਦੇ ਬਣਦੇ ਸਥਾਨ ਦੇ ਰਾਹ ਵਿਚ ਆਉਂਦੀਆਂ ਸਮੱਸਿਆਵਾਂ ਦੇ ਸਮਾਧਾਨ ਵਾਸਤੇ ਵੀ ਕੋਈ ਸੇਧ ਨਿਕਲੇਗੀ।

# ਪੰਜਾਬੀ ਕਨਵੈਨਸ਼ਨ ਜਲੰਧਰ

ਕੇਂਦਰੀ ਪੰਜਾਬੀ ਲੇਖਕ ਸਭਾ ਪੰਜਾਬ ਦੀ ਮੋਢੀ ਸੰਸਥਾ ਹੈ ਜੋ ਪੰਜਾਬੀ ਦੇ ਕਾਜ਼ ਵਾਸਤੇ ਕੰਮ ਕਰਦੀ ਆ ਰਹੀ ਹੈ। ਪਿਛਲੇ ਸਮੇਂ ਵਿਚ ਪੰਜਾਬੀ ਦੇ ਹੱਕੀ ਸਥਾਨ ਵਾਸਤੇ ਇਹ ਜਤਨਸ਼ੀਲ ਰਹੀ ਹੈ। ਦੁਰਭਾਗ ਵਸ ਪੰਜਾਬ ਅਤੇ ਕੇਂਦਰ ਦੀਆਂ ਸਰਕਾਰਾਂ ਦਾ ਰਵਈਆ ਪੰਜਾਬੀ ਪ੍ਰਤੀ ਈਮਾਨਦਾਰੀ ਵਾਲਾ ਨਹੀਂ ਰਿਹਾ ਜਾਂ ਬੇਸਮਝੀ ਵਾਲਾ ਰਿਹਾ ਹੈ। ਵਾਇਦੇ ਕਰਨੇ ਤੇ ਮੁਕਰ ਜਾਣਾ ਤਾਂ ਦਸਤੂਰ ਬਣ ਗਿਆ ਹੈ। ਅਸੀਂ ਅਗੇ ਵੀ ਲਿਖ ਚੁਕੇ ਹਾਂ ਕਿ ਲੇਖਕਾਂ ਦੇ ਧਰਨੇ ਜਾਂ ਰੋਸ ਚਿੰਨ੍ਹ ਮਾਤਰ ਹਨ ਇਸ ਦਾ ਮਹੱਤਵ ਸਿਆਣੀਆਂ ਸਰਕਾਰਾਂ ਸਮਝ ਜਾਂਦੀਆਂ ਹਨ ਪਰ ਉਂਝ ਸਰਕਾਰਾਂ ਲਾਖਾਂ ਦੀ ਰੈਲੀ ਨੂੰ ਵੇਲ੍ਹ ਕਰ ਸਕਦੀਆਂ ਹਨ ਅਤੇ ਲੇਖਕਾਂ ਦੀ ਗਿਣਤੀ ਤਾਂ ਆਟੇ ਵਿਚ ਲੂਣ ਵੀ ਨਹੀਂ ਹੁੰਦੀ। ਇਹਨਾਂ ਦੀ ਸਰਕਾਰ ਨੇ ਕੀਹ ਪਰਵਾਹ ਕਰਨੀ ਹੁੰਦੀ ਹੈ। ਸੋ ਇਹ ਗਲ ਤਾਂ ਲੋਕਾਂ ਨੂੰ ਚੇਤੰਨ ਕਰਨ ਦੀ ਹੈ ਅਤੇ ਇਸ ਵਾਸਤੇ ਸਭ ਤੋਂ ਵਧ ਸਮਰਥਾ ਲੇਖਕਾਂ ਕੋਲ ਹੈ। ਪੰਜਾਬੀ ਭਾਸ਼ਾ ਨਾਲ ਜੁੜੇ ਸੁਆਲਾਂ ਦੇ ਮੁੱਦੇ ਬਦਲ ਗਏ ਹਨ। ਇਹ ਸਵਾਲ ਕੇਵਲ ਕੁਝ ਸਰਕਾਰੀ ਬੰਦਿਆਂ ਕਲਰਕਾਂ ਅਫਸਰਾਂ ਕੋਲੋਂ ਪੰਜਾਬੀ ਵਿਚ ਕੰਮ ਕਰਾਉਣ ਦਾ ਹੀ ਨਹੀਂ ਸਗੋਂ ਬੁਨਿਆਦੀ ਤੌਰ ਤੇ ਗੰਭੀਰ ਖਤਰੇ ਵੀ ਹਨ। ਇਹਨਾਂ ਨੂੰ ਹਰ ਪੱਖ ਤੋਂ ਚੰਗੀ ਤਰ੍ਹਾਂ ਵਿਚਾਰਨਾ ਚਾਹੀਦਾ ਹੈ। ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਸਾਰੀਆਂ ਗਲਾਂ ਨੂੰ ਗੰਭੀਰਤਾ ਨਾਲ ਵਿਚਾਰਨ ਲਈ ਮਈ ਮਹੀਨੇ ਦੇ ਸ਼ੁਰੂ ਵਿਚ ਦੇਸ਼ ਭਗਤ ਹਾਲ ਵਿਚ ਇਕ ਕਨਵੈਨਸ਼ਨ ਕੀਤੀ ਜਾ ਰਹੀ ਹੈ ਇਸ ਵਿਚ ਪੰਜਾਬੀ ਲੋਕਾਂ ਦੇ ਹਰ ਵਰਗ ਦੇ ਨੁਮਾਇੰਦਿਆਂ ਨੂੰ ਸਦਿਆ ਜਾਵੇਗਾ ਅਤੇ ਇਸ ਮਸਲੇ ਬਾਰੇ ਇਕ ਸਾਂਝੀ ਆਵਾਜ਼ ਪੈਦਾ ਕਰਨ ਦਾ ਜਤਨ ਕੀਤਾ ਜਾਵੇਗਾ। ਅਸੀਂ ਸਮਝਦੇ ਹਾਂ ਕਿ ਇਸ ਕਾਨਫਰੰਸ ਵਿਚ ਪੰਜਾਬੀ ਲਈ ਕੰਮ ਕਰਨ ਵਾਲੀਆਂ ਸਾਰੀਆਂ ਜਥੇਬੰਦੀਆਂ ਸਮੂਹ ਪੰਜਾਬੀ ਲੇਖਕਾਂ ਸਭਾਵਾਂ ਅਤੇ ਸਾਹਿਤ ਸਭਾਵਾਂ, ਪੰਜਾਬੀ ਸਾਹਿਤ ਅਕੈਡਮੀ, ਸਭਿਆਚਾਰਕ ਮੰਚਾਂ, ਸਿਆਸੀ ਤੇ ਸਮਾਜੀ ਸੰਗਠਨਾਂ ਵਿਦਿਅਕ ਅਦਾਰਿਆਂ ਅਤੇ ਹੋਰ ਪੰਜਾਬੀਆਂ ਨੂੰ ਭਰਪੂਰ ਯੋਗਦਾਨ ਪਾਉਣਾ ਚਾਹੀਦਾ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਅਸੀਂ ਤਾਂ ਹੋਕਾ ਦੇਣਾ ਹੈ

ਵਰਿਆਮ ਦੇ ਵਿਸ਼ੇਸ਼ ਵਾਤਾਵਰਣ ਅੰਕ ਬਾਰੇ ਆਈਆਂ ਕੁਝ ਚਿਠੀਆਂ ਤਾਂ ਅਸੀਂ ਛਾਪ ਦਿਤੀਆਂ ਹਨ। ਚਿਠੀਆਂ ਹੋਰ ਵੀ ਆ ਰਹੀਆਂ ਨੇ। ਉਹ ਅੰਕ ਦੀ ਪ੍ਰਸੰਸਾ ਜਾਂ ਨਿਖੇਧੀ ਵਿਚ ਨਹੀਂ ਸਗੋਂ ਕੁਝ ਗੱਲਾਂ ਵਲ ਧਿਆਨ ਦੁਆਉਣ ਲਈ। ਇਹਦੇ ਵਿਚ ਵਧਦੇ ਰੌਲੇ ਦੇ ਪ੍ਰਦੂਸ਼ਣ ਬਾਰੇ ਲੋਕਾਂ ਦੇ ਨਾਂਅ ਲੈ ਲੈ ਕੇ ਸ਼ਿਕਾਇਤਾਂ ਲਿਖੀਆਂ ਹਨ ਇਹ ਵੀ ਲਿਖਿਆ ਹੈ ਕਿ ਫਲਾਂ ਬੰਦੇ ਨੂੰ ਅਸਾਂ ਵੋਟਾਂ ਪਾਈਆਂ ਪਰ ਉਸ ਦੇ ਕਾਰਖਾਨੇ ਦੇ ਜਨਰੇਟਰਾਂ ਦੀ ਆਵਾਜ਼ ਬਚਿਆਂ ਨੂੰ ਪੜ੍ਹਣ ਨਹੀਂ ਦਿੰਦੀ।

ਆਹ ਸਤਰਾਂ ਮੈਂ ਸਵੇਰੇ ਸਵੇਰੇ ਹਥਲੇ ਕੰਮ ਨੂੰ ਵਿਚ ਛਡ ਕੇ ਲਿਖ ਰਿਹਾ ਹਾਂ। ਇਸੇ ਅੰਕ ਵਿਚ ਕਿਤੇ ਰੌਲੇ, 'ਸ਼ੋਰ' ਰਾਹੀਂ ਪ੍ਰਦੂਸ਼ਣ ਬਾਰੇ ਇਕ ਵਿਗਿਆਨੀ/ਐਂਜੀਨੀਅਰ ਦਾ ਲੇਖ ਹੈ। ਤੜਕੇ ਸਵੇਰੇ ਜਦ ਮੈਂ ਇਸ ਦੇ ਪਰੂਫ਼ ਪੜ੍ਹ ਰਿਹਾ ਹਾਂ ਤਾਂ ਬਾਹਰ ਘਟੋ ਘਟ ਚਾਰ ਲਾਊਡ ਸਪੀਕਰ ਧੁਰ ਸਿਖਰਲੀ ਆਵਾਜ਼ ਵਿਚ ਮੰਦਰਾਂ ਗੁਰਦੁਆਰਿਆਂ ਦੀਆਂ ਅਰਾਧਨਾਵਾਂ ਨੂੰ ਟਕਰਾ ਰਹੇ ਹਨ। ਇਕ ਮੰਦਰ ਵਿਚੋਂ ਟੱਲ ਦੀ ਆਵਾਜ਼ ਹੀ ਸਪੀਕਰ ਰਾਹੀਂ ਆ ਰਹੀ ਹੈ। (ਸਪੀਕਰ ਅੰਗਰੇਜ਼ੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਬੋਲਣ ਵਾਲਾ ਤਕਰੀਰ ਕਰਨ ਵਾਲਾ। ਲਾਊਡ ਸਪੀਕਰ ਦੇ ਅਰਥ ਹਨ ਬਹੁਤ ਉਚਾ ਬੋਲਣ ਵਾਲਾ। ਬੋਲਣ ਦੇ ਅਰਥ ਹਨ ਮੂੰਹ ਵਿਚੋਂ ਆਵਾਜ਼ ਕਢਣੀ, ਗੱਲਾਂ ਕਰਨੀਆਂ। ਪਰ ਟੱਲ ਖੜਕਣ ਦੀ ਆਵਾਜ਼ ਜੇ ਕਿਸੇ ਯੰਤਰ ਵਿਚੋਂ ਹੋਰ ਵੀ ਉਚੀ ਹੋ ਕੇ ਆ ਰਹੀ ਹੈ ਤਾਂ ਅਸੀਂ ਫਿਰ ਵੀ ਕਹਿ ਰਹੇ ਹਾਂ ਕਿ ਸਪੀਕਰ ਚੋਂ ਆ ਰਹੀ ਹੈ। ਹੈ ਨਾ ਅਸਚਰਜ ਗਲ)। ਟੱਲ ਤਾਂ ਆਪਣੇ ਆਪ ਵਿਚ ਟੱਲੀ ਤੋਂ ਕਈ ਗੁਣਾਂ ਜ਼ਿਆਦਾ ਆਵਾਜ਼ ਪੈਦਾ ਕਰਨ ਵਾਸਤੇ ਹੁੰਦਾ ਹੈ ਕੀ ਇਹਨੂੰ ਵੀ ਮਸ਼ੀਨੀ ਯੰਤਰ ਰਾਹੀਂ ਹੋਰ ਉਚਿਆਂ ਕਰਨ ਦੀ ਲੋੜ ਹੈ? ਫੇਰ ਇਕ ਟਲ ਨਹੀਂ ਕਈ ਕਈ।...

ਹੋਰ ਆਵਾਜ਼ਾਂ ਵਿਚੋਂ ਗੁਰਬਾਣੀ ਦੇ ਪਾਠਾਂ ਦਾ ਆਪਸੀ ਟਕਰਾ ਹੈ। ਅੰਮ੍ਰਿਤਸਰ ਤੋਂ ਰੀਲੇਅ ਹੋ ਰਿਹਾ ਸੀ, ਆਸਾ ਦੀ ਵਾਰ ਦਾ ਕੀਰਤਨ ਸਾਡੀ ਗਲੀ ਵਿਚ ਜ਼ਬਰਦਸਤੀ ਚਲ ਰਹੀ ਡੇਅਰੀ ਦੇ ਭਈਏ ਦੇ ਟਰਾਂਜ਼ਿਸਟਰ ਚੋਂ ਨਿਕਲ ਕੇ ਵੱਡੇ ਵੱਡੇ 'ਸਪੀਕਰਾਂ' ਦਾ ਮੁਕਾਬਲਾ ਕਰ ਰਿਹਾ ਹੈ। ਮੇਰੇ ਨਿੱਜੀ ਗੁਰਬਾਣੀ ਅਧਿਐਨ ਨਾਲ ਸਦਾ ਇਸ ਟਰਾਂਜ਼ਿਸਟਰ ਦਾ ਮੁਕਾਬਲਾ ਜਾਪਦਾ ਹੈ। ਰੱਬ ਦੀ ਅਰਾਧਨਾ ਵਿਚ ਨਿਕਲ ਰਹੀਆਂ ਇਹ ਆਵਾਜ਼ਾਂ ਆਪਸ ਵਿਚ ਗੁੱਥਮ ਗੁੱਥਾ ਹਨ।

ਸਵੇਰ ਵੇਲੇ ਦਾ ਜਾਗਣਾ ਸ਼ੁਰੂ ਹੋ ਗਿਆ ਹੈ। ਘਰਾਂ ਵਿਚੋਂ ਸ਼ੋਰ ਵਧਣ ਲਗ ਪਿਆ ਹੈ। ਪਤਾ ਨਹੀਂ ਕਿਸੇ ਵਿਗਿਆਨੀ ਦਾ ਏਧਰ ਧਿਆਨ ਗਿਆ ਹੈ ਕਿ ਨਹੀਂ ਪਰ ਜਦੋਂ ਤੋਂ ਘਰਾਂ ਨੂੰ ਪਥਰਾਂ ਨਾਲ ਮੜ੍ਹਨਾ ਸ਼ੁਰੂ ਕੀਤਾ ਗਿਆ ਹੈ ਘਰ ਵੀ ਲਾਊਡ ਸਪੀਕਰ ਹੀ ਬਣ ਗਏ ਹਨ। ਜ਼ਰਾ ਜਿੰਨੀ ਗਲ ਭਾਸ਼ਨ ਬਣ ਜਾਂਦੀ ਹੈ।

ਵਡੇ ਵਡੇ ਹਾਲਾਂ ਦਾ ਵੀ ਇਹੋ ਹਾਲ ਹੈ। ਇਨਸਾਨ ਨੇ ਪਹਿਲਾਂ ਪੱਥਰਾਂ ਦੇ ਵਡੇ ਵਡੇ ਭਵਨ ਬਣਾਏ ਹਨ ਤਾਂ ਕਿ ਇਥੇ ਬੈਠ ਕੇ ਕੁਝ ਸੁਣਿਆ ਜਾ ਸਕੇ। ਜਦ ਉਹ ਪੱਥਰ ਦੇ ਭਵਨ ਲਖਾਂ ਰੁਪਏ ਡਕਾਰ ਕੇ ਬਣ ਗਏ ਤਾਂ ਉਹ ਗੂੰਜਣ ਲਗ ਪਏ। ਲੱਖਾਂ ਰੁਪਏ ਉਸ ਦੀ ਆਵਾਜ਼ ਦੀ ਗੂੰਜ ਚੂਸਣ ਲਈ ਲਾਏ ਅਤੇ ਫੇਰ ਦੁਬਾਰਾ ਉਸ ਵਿਚ ਰੁਪਏ ਖਰਚ ਕਰਕੇ ਐਸੇ 'ਪਰਬੰਧ' ਦਾ ਪਰਬੰਧ ਕਰਨ ਦਾ ਜਤਨ ਕੀਤਾ ਕਿ ਵਿਅਕਤੀ ਹੌਲੀ ਬੋਲ ਕੇ ਉਚਾ ਸੁਣ ਸਕੇ। ਪਰ ਠੀਕ ਗਲ ਫੇਰ ਵੀ ਨਹੀਂ ਬਣਦੀ। ਹੈ ਨਾ ਅਚਰਜ ਗੱਲ।

ਲਿਖਦਿਆਂ ਲਿਖਦਿਆਂ ਵਧਦਾ ਰੌਲਾ ਹੀ ਜਾ ਰਿਹਾ ਹੈ। ਮੈਂ ਆਪਣਾ ਕੰਮ ਮੁਕਾਉਣਾ ਚਾਹੁੰਦਾ ਹਾਂ। ਪਤਾ ਹੈ ਕਿ ਦਿਹਾੜੀ ਇਸ ਪਖੋਂ ਬੇਕਾਰ ਜਾਣੀ ਹੈ। ਮੈਂ ਜਿਸ ਥਾਂ ਨੂੰ ਆਪਣਾ ਦਫਤਰ ਕਹਿੰਦਾ ਹਾਂ ਉਥੇ ਖਾਲੀ ਡਰੰਮਾਂ ਦੀ ਆਵਾਜ਼ ਬੰਬਾਂ ਵਾਂਗ ਆਉਂਦੀ ਹੈ ਅਤੇ ਸਕੂਟਰਾਂ ਦੀ ਹਵਾਈ ਜਹਾਜ਼ਾਂ ਵਾਂਗ।

ਮੇਰੀ ਬੱਚੀ ਨੇ ਇਕ ਉੱਚੇ ਦਰਜੇ ਦਾ ਇਮਤਿਹਾਨ ਦੇਣਾ ਹੈ। ਉਹ ਦਿਨ ਰਾਤ ਪੜ੍ਹਦੀ ਹੈ। ਰੇਡੀਓ ਟੀ. ਵੀ. ਦੇ ਰੌਲੇ ਦੇ ਵਾਰ ਤੋਂ ਬਚ ਬੱਚ ਕੇ ਉਹ ਥਾਂ ਲਭਦੀ ਫਿਰਦੀ ਹੈ। ਉਹ ਸਵੇਰੇ ਪੁਛ ਰਹੀ ਹੈ ਕਿ ਸਰਕਾਰ ਇਹ ਲਾਊਡ ਸਪੀਕਰ 'ਬੈਨ' (ਬੰਦ) ਕਿਉਂ ਨਹੀਂ ਕਰਦੀ। ਕਾਨੂੰਨ ਕਿਉਂ ਨਹੀਂ ਬਣਾਉਂਦੀ। ਮੈਂ ਦਸਦਾ ਹਾਂ ਕਿ ਕਾਨੂੰਨ ਤਾਂ ਬਣੇ ਹਨ ਪਰ ਲਾਗੂ ਕੌਣ ਕਰੇ। ਇੰਗਲੈਂਡ ਵਿਚ ਤੁਹਾਡਾ ਰੇਡੀਓ ਜਾਂ ਟੀ. ਵੀ. ਉਚਾ ਚਲ ਰਿਹਾ ਹੋਵੇ ਜਾਂ ਤੁਸੀਂ ਘਰ ਵਿਚ ਉਚੀ ਆਵਾਜ਼ ਵਿਚ ਜਸ਼ਨ ਮਨਾ ਰਹੇ ਹੋਵੋ ਤਾਂ ਪੁਲਸੀਆ ਤੁਹਾਡੀ ਘੰਟੀ ਆ ਖੜਕਾਵੇਗਾ ਜਾਂ ਥਾਣੇ ਚੋਂ ਤੁਹਾਨੂੰ ਟੈਲੀਫੋਨ ਆ ਜਾਵੇਗਾ। ਅਜੇ ਤਾਂ ਆਪਣੀਆਂ ਪ੍ਰਾਥਮਿਕਤਾਵਾਂ ਹੀ ਹੋਰ ਹਨ। ਕੰਮ ਕਰਨ ਦੀਆਂ ਅਗੇਤਾਂ ਪਛੇਤਾਂ, 'ਪਹਿਲਾਂ' ਹੋਰ ਹਨ। ਇਸ ਕੰਮ ਵਲ ਤਾਂ ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਦਾ ਵਿਹਲ ਹੀ ਨਹੀਂ।

ਲੋਕ ਜਾਗਣਗੇ ਤਾਂ ਕਾਨੂੰਨ ਦੀ ਵੀ ਅੱਖ ਖੁਲ੍ਹੇਗੀ। ਅਸੀਂ ਲੋਕਾਂ ਨੂੰ ਜਗਾਉਣ ਲਈ ਲੇਖ ਲਿਖਦੇ ਜਾਂ ਅੰਕ ਕਢਦੇ ਹਾਂ। ਅਸੀਂ ਹੋਕਾ ਦੇਣ ਵਾਲੇ ਹਾਂ, ਸ਼ਾਸਕ ਨਹੀਂ। ਪ੍ਰਦੂਸ਼ਣ ਤੋਂ ਦੁਖੀ ਬਹੁਤ ਹਨ ਪਰ ਇਹ ਦੁੱਖ ਕਦੋਂ ਲੋਕਾਂ ਦੀ ਆਵਾਜ਼ ਬਣੇਗਾ ਪਤਾ ਨਹੀਂ। ਅਸੀਂ ਤਾਂ ਖੁਦਾਈ ਖਿਦਮਤਗਾਰ ਵਾਂਗ ਹੋਕਾ ਦਿੰਦੇ ਜਾਵਾਂਗੇ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਸੱਤਰ ਸਾਲ ਪੁਰਾਣੀਆਂ ਲਿਖਤਾਂ

ਅੱਜ ਤੋਂ ਸੱਤਰ ਸਾਲ ਪਹਿਲਾਂ ਦੇ 'ਅਕਾਲੀ ਅਤੇ ਪ੍ਰਦੇਸੀ' ਅਖਬਾਰ ਵਿਚੋਂ ਅਸੀਂ ਇਤਿਹਾਸਕ ਮਹੱਤਤਾ ਵਾਲੀਆਂ ਦੋ ਲਿਖਤਾਂ ਪ੍ਰਕਾਸ਼ਤ ਕਰ ਰਹੇ ਹਾਂ। ਇਕ ਮੁਖ ਲੇਖ ਹੈ ਅਤੇ ਇਕ ਰਿਪੋਰਟ। ਉਸ ਵੇਲੇ ਮਹਾਰਾਜਾ ਨਾਭਾ ਦੀ ਗੱਦੀ ਦੇ ਮਾਮਲੇ ਤੇ ਅਕਾਲੀ ਐਜੀਟੇਸ਼ਨ ਚਲ ਰਹੀ ਸੀ। ਇਹਨਾਂ ਦੋਹਾਂ ਲਿਖਤਾਂ ਵਿਚੋਂ ਉਸ ਵੇਲੇ ਨਾਮਧਾਰੀਆਂ ਅਤੇ ਅਕਾਲੀਆਂ ਦੀ ਇਸ ਮਾਮਲੇ ਬਾਰੇ ਪਹੁੰਚ, ਸ਼ਰੋਮਣੀ ਕਮੇਟੀ ਬਾਰੇ ਉਹਨਾਂ ਦੀ ਸੋਚ ਅਤੇ ਪ੍ਰਸਪਰ ਸੰਬੰਧਾਂ ਬਾਰੇ ਜਾਣਕਾਰੀ ਮਿਲਦੀ ਹੈ। ਸੱਤਰ ਸਾਲ ਪਹਿਲਾਂ ਦੀ ਪੰਜਾਬੀ ਪੱਤਰਕਾਰੀ ਦਾ ਵੀ ਇਹ ਨਮੂਨਾ ਹੈ। ਇਹ ਲਿਖਤਾਂ 'ਅਕਾਲੀ ਤੇ ਪ੍ਰਦੇਸੀ' ਅੰਮ੍ਰਿਤਸਰ ਦੇ, ੧ ਦਸੰਬਰ ੧੯੨੩ ਦੇ ਪਰਚੇ ਜਿਲਦ ੨, ਨੰਬਰ ੧੨੩ ਵਾਲੇ ਪਰਚੇ ਚੋਂ ਲਈਆਂ ਗਈਆਂ ਹਨ ਅਤੇ ਸ਼ਾਇਦ ਹੁਣ ਇਹ ਬਿਲਕੁਲ ਦੁਰਲੱਭ ਹੀ ਹੋਣ। (ਸਾਭਾਰ ਬੰਨੋਆਣਾ) —ਸੰਪਾਦਕ

# ਨਾਮਧਾਰੀ ਅਤੇ ਸ਼ਰੋਮਣੀ ਕਮੇਟੀ

ਅੱਜ ਦੇ ਅਖ਼ਬਾਰ ਵਿਚ ਹੋਰ ਕਿਸੇ ਥਾਂ ਪਾਠਕ ਨਾਮਧਾਰੀ ਵੀਰਾਂ ਦੇ ਨਨਕਾਣੇ ਸਾਹਿਬ ਵਿਚ ਪਾਸ ਕੀਤੇ ਹੋਏ ਦੋ ਰੈਜ਼ੂਲਿਯੂਸ਼ਨ ਪੜ੍ਹਨਗੇ। ਪੈਹਲੇ ਰੈਜ਼ੂਲੇਸ਼ਨ ਵਿਚ ਮਹਾਰਾਜਾ ਨਾਭਾ ਨੂੰ ਮੁੜ ਤਖਤ ਤੇ ਬਠੌਣ ਵਾਲੀ ਲੈਹਰ ਦੇ ਵਿਰੁਧ ਸਰਕਾਰ ਦੀ ਧਕੜਸ਼ਾਹੀ ਦੀ ਨਿਖੇਧੀ ਕੀਤੀ ਹੈ। ਇਹ ਵੀ ਕਿਹਾ ਗਿਆ ਹੈ ਕਿ ਮਹਾਰਾਜੇ ਸਾਹਿਬ ਨਾਲ ਬੜੀ ਬੇਇਨਸਾਫ਼ੀ ਹੋਈ ਹੈ ਅਤੇ ਜਦੋਂ ਤਕ ਉਸ ਨਾਲ ਇਨਸਾਫ਼ ਨਾ ਕੀਤਾ ਜਾਏ ਉਦੋਂ ਤਕ ਏਹ ਐਜੀਟੇਸ਼ਨ ਕਦੇ ਦਬ ਨਹੀਂ ਸਕਦੀ। ਦੂਜੇ ਰੈਜ਼ੂਲਿਊਸ਼ਨ ਵਿਚ ਕਮੇਟੀ ਅਤੇ ਅਕਾਲੀ ਦਲ ਨੂੰ ਖ਼ਿਲਾਫ਼ ਕਰਾਰ ਦੇਣ ਕਰਕੇ ਸਰਕਾਰ ਤੇ ਘ੍ਰਿਣਾ ਪ੍ਰਗਟ ਕੀਤੀ ਗਈ ਹੈ। ਅਸੀਂ ਪ੍ਰਸੰਨ ਹਾਂ ਕਿ ਨਾਮਧਾਰੀ ਵੀਰ ਵੀ ਸਮੇਂ ਦੀ ਨਜ਼ਾਕਤ ਨੂੰ ਅਨੁਭਵ ਕਰਨ ਲੱਗ ਪਏ ਹਨ। ਅਸੀਂ ਆਸ ਕਰਦੇ ਹਾਂ ਕਿ ਇਹ ਰੈਜ਼ੂਲਿਯੂਸ਼ਨ ਕੇਵਲ ਕਾਗ਼ਜ਼ੀ ਪੁਰਜ਼ੇ ਹੀ ਨਹੀਂ ਰਹਿਣਗੇ ਬਲਕਿ ਉਹ ਦੁਨੀਆਂ ਨੂੰ ਦਸ ਦੇਣਗੇ ਕਿ ਸਿੱਖ ਜਿਸ ਗਲ ਨੂੰ ਇਕ ਵਾਰੀ ਮੂੰਹੋਂ ਕਢ ਦੇਣ ਫਿਰ ਉਸਨੂੰ ਪੂਰਾ ਕਰਕੇ ਹੀ ਛੱਡਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਨਾਮਧਾਰੀ ਵੀਰ ਵੀ ਇਸ ਮੁਸੀਬਤ ਦੇ ਸਮੇਂ ਪੰਥ ਨਾਲ ਸ਼ਾਮਲ ਹੋ ਕੇ ਸਰਕਾਰ ਦੀ ਧਕੜਸ਼ਾਹੀ ਦਾ ਮੁਕਾਬਲਾ ਕਰਨ, ਜੇ ਕਿਤੇ ਨਾਮਧਾਰੀ ਭਰਾ ਰੈਜ਼ੂਲਿਯੂਸ਼ਨ ਦੇ ਨਾਲ ਹੀ ਹਿੰਦੂ ਮੁਸਲਮਾਨ ਭਰਾਵਾਂ ਵਾਂਙੂ ਕਮੇਟੀ ਦੀ ਸਹਾਇਤਾ ਵਾਸਤੇ ਕੋਈ ਅਮਲੀ ਤਜਵੀਜ਼ ਕਢ ਕੇ ਉਸ ਤੇ ਚਲਣ ਦੀ ਸਾਰੇ ਨਾਮਧਾਰੀਆਂ ਨੂੰ ਸਲਾਹ ਦਿੰਦੇ ਤਾਂ ਅਸੀਂ ਹੋਰ ਭੀ ਵਧੇਰੇ ਪ੍ਰਸੰਨ ਹੁੰਦੇ। ਹਰ ਜੰਗ ਵਿਚ ਮਾਇਆ ਅਤੇ ਆਦਮੀਆਂ ਦੀ ਲੋੜ ਹੁੰਦੀ ਹੈ, ਹਿੰਦੂ ਮੁਸਲਮਾਨ ਭਰਾਵਾਂ ਨੇ ਵੀ ਮਾਇਆ ਦੇਣ ਤੋਂ ਛੁਟ ਸਾਰੇ ਹਿੰਦੁਸਤਾਨੀਆਂ ਨੂੰ ਅਕਾਲੀ ਜਥਿਆਂ ਵਿਚ ਭਰਤੀ ਹੋਣ ਦੀ ਸਲਾਹ ਦਿੱਤੀ ਹੈ। ਉਹ ਸਿੱਖਾਂ ਨਾਲ ਆਪਣੀ ਹਮਦਰਦੀ ਨਾਲ ਅਮਲੀ ਸਬੂਤ ਦੇ ਸਕਣ। ਨਾਮਧਾਰੀ ਵੀਰਾਂ ਨੇ ਵੀ ਕਿਹਾ ਹੈ ਕਿ ਅਕਾਲੀ ਦਲਾਂ ਨੂੰ ਖ਼ਿਲਾਫ਼ ਕਾਨੂੰਨ ਕਰਾਰ ਦੇ ਕੇ ਸਰਕਾਰ ਨੇ ਮਿਲ ਬੈਠਣ ਦੇ ਜ਼ਰੂਰੀ ਇਨਸਾਨੀ ਹੱਕ ਤੇ ਸਖਤ ਹਮਲਾ ਕੀਤਾ ਹੈ। ਜੇ ਉਹ ਇਸ ਨੂੰ ਐਨੇ ਜ਼ੋਰ ਨਾਲ ਅਨੁਭਵ ਕਰਦੇ ਹਨ ਅਤੇ ਸਾਨੂੰ ਯਕੀਨ ਹੈ ਕਿ ਉਹ ਜ਼ਰੂਰ ਕਰਦੇ ਹੋਣਗੇ ਤਾਂ ਅਸੀਂ ਸਰਬਤ ਨਾਮਧਾਰੀ ਭਾਈ ਦੀ ਸੇਵਾ ਵਿਚ ਬੜੇ ਜ਼ੋਰ ਨਾਲ ਬੇਨਤੀ ਕਰਾਂਗੇ ਕਿ ਉਹ ਭੀ ਹਿੰਦੂ ਮੁਸਲਮਾਨਾਂ ਵਾਂਗੂੰ ਅਕਾਲੀ ਜਥਿਆਂ ਨੂੰ ਆਪਣੀ ਸੇਵਾ ਅਰਪਣ ਕਰ ਦੇਣ।

ਅਸੀਂ ਆਪਣੇ ਪਰਸਪਰ ਝਗੜੇ ਝਾਂਜੇ ਘਰ ਵਿਚ ਬੈਠ ਕੇ ਨਬੇੜ ਸਕਦੇ ਹਾਂ ਪਰ ਹੁਣ ਜਦੋਂ ਦੁਸ਼ਮਣ ਨੇ ਗੁਰੂ ਪੰਥ ਨੂੰ ਮੇਟਣ ਲਈ ਮੁਗਲ ਸਰਕਾਰ ਵਾਂਗੂੰ ਆਖਰੀ ਹੱਲਾ ਬੋਲ ਦਿਤਾ ਹੈ ਤਾਂ ਇਸ ਵੇਲੇ ਆਪਸ ਵਿਚ ਫੁਟੇ ਰਹਿਣਾ ਬੜੀ ਭਾਰੀ ਭੁਲ ਹੋਵੇਗੀ। ਸੰਨ ੧੮੭੨ ਵਿਚ ਜਦੋਂ ਨਾਮਧਾਰੀ ਵੀਰਾਂ ਤੇ ਕੈਹਰ ਵਰਤਿਆ ਸੀ ਤਾਂ ਕਮਜ਼ੋਰੀ ਦੇ ਕਾਰਨ ਬਾਕੀ ਸਾਰਾ ਪੰਥ ਚੁਪ ਰਿਹਾ ਜਿਸ ਦਾ ਸਿਟਾ ਇਹ ਨਿਕਲਿਆ ਕਿ ਪੰਥ ਦੀ ਜਥੇਬੰਦੀ ਨੂੰ ਉਹ ਸਟ ਲਗੀ ਕਿ ਇਸ ਤੋਂ ਪਿਛੋਂ ਸਾਨੂੰ ਪੰਜਾਹ ਸਾਲ ਹੋਸ਼ ਨਾ ਆ ਸਕੀ। ਜੇ ਕਿਤੇ ਉਸ ਵੇਲੇ ਸਾਰਾ ਪੰਥ ਨਾਮਧਾਰੀ ਵੀਰਾਂ ਨਾਲ ਸ਼ਾਮਲ ਹੋ ਜਾਂਦਾ ਤਾਂ ਅਜ ਅਸੀਂ ਨਾਮਧਾਰੀ ਹੀ ਕਹਿੰਦੇ ਅਤੇ ਕੌਮ ਦਾ ਕੰਮ ਹੋਰ ਦਾ ਹੋਰ ਹੀ ਹੁੰਦਾ। ਅਸੀਂ ਇਕ ਵਾਰੀ ਫ਼ੇਰ ਆਪਣੇ ਨਾਮਧਾਰੀ ਵੀਰਾਂ ਦੇ ਚਰਨਾਂ ਵਿਚ ਬੇਨਤੀ ਕਰਾਂਗੇ ਕਿ ਆਓ ਅਸੀਂ ਇਸ ਮੁਸੀਬਤ ਵਿਚ ਮਿਲ ਕੇ ਇਕ ਮਾਂ ਜਾਏ ਸਕੇ ਭਾਈ ਬਣ ਕੇ ਏਹ ਕੈਹਰ ਦਾ ਵਖ਼ਤ ਲੰਘਾ ਲਈਏ। ਸਾਨੂੰ ਆਸ਼ਾ ਹੈ ਕਿ ਸਭ ਨਾਮਧਾਰੀ ਵੀਰ ਜਥਿਆਂ ਵਿਚ ਨਾਮ ਦੇ ਕੇ ਇਸ ਵੇਲੇ ਗੁਰੂ ਪੰਥ ਦੀ ਆਨ ਸ਼ਾਨ ਨੂੰ ਕਾਇਮ ਰਖਣ ਲਈ ਹਰ ਕੁਰਬਾਨੀ ਕਰਨ ਲਈ ਤਿਆਰ ਹੋਣਗੇ।

[ਪ੍ਰਿਥਮ ਮੁਖ ਲੇਖ, ਸਫ਼ਾ ਪਹਿਲਾ]



Sri Satguru Jagjit Singh Ji eLibrary NamdhariElibrary@gmail.com

# ਨਾਮਧਾਰੀ ਦੀਵਾਨ ਦੇ ਰੈਜ਼ੋਲਯੂਸ਼ਨ

ਨਨਕਾਣੇ ਸਾਹਿਬ ਪੂਰਨਮਾਸ਼ੀ ਦੇ ਮੇਲੇ ਤੇ ੨੪ ਨਵੰਬਰ ਨੂੰ ਨਾਮਧਾਰੀ ਦੀਵਾਨ ਵਿਚ ਹੇਠ ਲਿਖੇ ਰੈਜ਼ੋਲਯੂਸ਼ਨ ਬਹੁ ਸੰਮਤੀ ਨਾਲ ਪਾਸ ਹੋਏ :—

(੧) ਨਾਮਧਾਰੀਆਂ ਦਾ ਇਹ ਦੀਵਾਨ, ਗਵਰਨਮੈਂਟ ਦੀ ਉਸ ਜਾਬਰਾਨਾ ਪਾਲਸੀ ਉਤੇ ਘਿਰਣਾ ਪਰਗਟ ਕਰਦਾ ਹੈ, ਜੋ ਕਿ ਉਸ ਨੇ, ਮਹਾਰਾਜਾ ਸਾਹਿਬ ਨਾਭਾ ਨੂੰ ਗੱਦੀ ਉਤੇ ਬਹਾਲ ਕਰਾਉਣ ਸੰਬੰਧੀ ਯੋਗ ਤੇ ਠੀਕ ਲਹਿਰ ਦੇ ਵਿਰੁਧ ਅਖਤਯਾਰ ਕੀਤਾ ਹੈ ਅਤੇ ਆਪਣਾ ਵਿਸ਼ਵਾਸ ਪਰਗਟ ਕਰਦਾ ਹੈ ਕਿ ਮਹਾਰਾਜਾ ਸਾਹਿਬ ਨਾਲ ਸਖਤ ਬੇਨਿਆਈਂ ਕੀਤੀ ਗਈ ਹੈ ਜਿਸ ਦੀ ਹਰ ਸੂਰਤ ਵਿਚ ਤਲਾਫੀ ਕਰਾਉਣੀ ਚਾਹੀਦੀ ਹੈ। ਨਾਲ ਹੀ ਇਹ ਦੀਵਾਨ ਐਲਾਨ ਕਰਦਾ ਹੈ ਕਿ ਜਦੋਂ ਤਕ ਇਸ ਮੰਤਵ ਵਿਚ ਸਫਲਤਾ ਪਰਾਪਤ ਨਹੀਂ ਹੁੰਦੀ ਤਦੋਂ ਤਕ ਐਜੀਟੇਸ਼ਨ ਬੰਦ ਨਹੀਂ ਹੋ ਸਕਦੀ।

(੨) ਇਹ ਐਲਾਨ ਕਰਦਿਆਂ ਹੋਇਆਂ ਕਿ ਸ਼ਰੋਮਣੀ ਕਮੇਟੀ ਦੀ ਬਣਾਵਟ ਸੰਬੰਧੀ ਨਾਮਧਾਰੀਆਂ ਦੀ ਵਿਰੋਧਤਾ ਅਸੂਲ ਤੇ ਨਿਰਭਰ ਹੈ ਅਤੇ ਇਹ ਵਿਰੋਧਤਾ ਉਦੋਂ ਤਕ ਬੰਦ ਨਹੀਂ ਹੋਵੇਗੀ ਜਦੋਂ ਤਕ ਕਿ ਇਸ ਦੀ ਬਣਾਵਟ ਨੂੰ ਨਹੀਂ ਬਦਲਿਆ ਜਾਂਦਾ, ਇਹ ਦੀਵਾਨ ਉਸ ਉੱਕੀ ਨਿਆਂ ਵਿਰੁਧ ਕਾਰਵਾਈ ਤੇ ਘਿਰਣਾ ਪਰਗਟ ਕਰਦਾ ਹੈ ਜੋ ਗਵਰਨਮੈਂਟ ਨੇ ਉਪਰੋਕਤ ਕਮੇਟੀ ਤੇ ਨਾਲ ਹੀ ਅਕਾਲੀ ਦਲ ਨੂੰ ਕਾਨੂੰਨ ਵਿਰੁਧ ਜਮਾਤਾਂ ਕਰਾਰ ਦੇਣ ਵਿਚ ਕੀਤੀ ਹੈ। ਨਾਲ ਹੀ ਇਸ ਦੀਵਾਨ ਦੀ ਰਾਇ ਵਿਚ ਗਵਰਨਮੈਂਟ ਦੀ ਕਾਰਵਾਈ ਇਕਠੇ ਬੈਠਣ ਦੇ ਸਵਤੰਤਰ ਹੱਕ ਉਤੇ ਇਕ ਸਿੱਧੀ ਸੱਟ ਹੈ ਕਿ ਜਿਸਨੂੰ ਚੈਲੰਜ ਤੋਂ ਬਿਨਾਂ ਨਹੀਂ ਰਹਿਣ ਦਿੱਤਾ ਜਾ ਸਕਦਾ। [ਰਿਪੋਰਟ, ਸਫਾ ੫]

---

# ਵਰਿਆਮ ਵਿਚ ਛਪਿਆ ਲੇਖ ਸ਼ਹੀਦ ਭਗਤ ਸਿੰਘ ਦੀ ਕਲਮ ਤੋਂ

ਵਰਿਆਮ ਦੇ ਪਿਛਲੇ ਅੰਕ (ਜਨਵਰੀ-ਮਾਰਚ) ਵਿਚ ਇਕ ਲੇਖ ਛਪਿਆ ਸੀ ਜਿਸ ਦੀ ਸੁਰਖੀ ਸੀ, 'ਜੁਗ-ਗਰਦੀ ਦਾ ਅਗਨੀ ਕੁੰਡ' ਪੰਜਾਬ ਦੀਆਂ ਰਾਜ ਪਲਟਾਊ ਲਹਿਰਾਂ ਦਾ ਇਤਿਹਾਸ, ਰਾਜ ਪਲਟੌਣ ਦੀ ਪਹਿਲੀ ਕੋਸ਼ਿਸ਼-ਕੂਕਾ ਬਗ਼ਾਵਤ।"

ਜਿਵੇਂ ਕਿ ਅਸੀਂ ਲਿਖਿਆ ਸੀ ਕਿ ਇਹ ਲੇਖ 'ਕਿਰਤੀ' ਰਸਾਲੇ ਦੇ ਸਤੰਬਰ ਅਤੇ ਅਕਤੂਬਰ ਸੰਨ ੧੯੨੮ ਦੇ ਮਹੀਨਿਆਂ ਦੇ ਦੋ ਅੰਕਾਂ ਚੋਂ ਲੈ ਕੇ ਅਸੀਂ ਛਾਪਿਆ ਸੀ। ਇਸ ਦੇ ਕਰਤਾ ਦਾ ਨਾਮ ਵਿਦਰੋਹੀ ਲਿਖਿਆ ਸੀ।

'ਵਿਦਰੋਹੀ' ਉਪਨਾਮ ਦਰਅਸਲ ਸ਼ਹੀਦ ਭਗਤ ਸਿੰਘ ਦਾ ਹੀ ਸੀ। ਕਾਮਰੇਡ ਸੋਹਨ ਸਿੰਘ ਜੋਸ਼ ਦੀ ਅੰਗਰੇਜ਼ੀ ਵਿਚ ਛੱਪੀ ਆਤਮ ਕਥਾ Sohan Singh Josh. My Tryst with secularism ਵਿਚ ਲਿਖਿਆ ਹੈ ਕਿ ਸੰਨ ੧੯੨੮ ਵਿਚ ਕਿਰਤੀ ਦੀ ਸੰਪਾਦਨਾ ਜੋਸ਼ ਜੀ ਕਰਦੇ ਸਨ ਅਤੇ ਭਗਤ ਸਿੰਘ ਉਸ ਵਿਚ ਵਿਦਰੋਹੀ ਦੇ ਨਾਮ ਹੇਠ ਲਿਖਦੇ ਸਨ। ਸੋ ਵਰਿਆਮ ਵਿਚ ਛਪਿਆ ਲੇਖ ਸ਼ਹੀਦ ਭਗਤ ਸਿੰਘ ਦੀ ਕਲਮ ਚੋਂ ਨਿਕਲਿਆ ਹੈ ਅਤੇ ਇਸ ਉਤੇ ਲਿਖਿਆ ਸੰਪਾਦਕੀ ਨੋਟ ਸੰਭਾਵਤ ਸਾਥੀ ਸੋਹਣ ਸਿੰਘ ਜੋਸ਼ ਦਾ ਹੈ। "ਸ਼ਹੀਦ ਭਗਤ ਸਿੰਘ ਅਤੇ ਉਹਨਾਂ ਦੇ ਸਾਥੀਆਂ ਦੀਆਂ ਲਿਖਤਾਂ" ਨਾਮੀ ਪੁਸਤਕ ਰੈਡੀਕਲ ਪਬਲੀਕੇਸ਼ਨਜ਼ ਸਾਹਮਣੇ ਡੀ. ਐਮ. ਕਾਲਜ ਮੋਗਾ ਵਲੋਂ ਪ੍ਰਕਾਸ਼ਤ ਹੋਈ ਹੈ ਅਤੇ ਇਸ ਦੇ ਸੰਪਾਦਕ ਹਨ ਪ੍ਰੋ: ਜਗਮੋਹਨ ਸਿੰਘ, ਸਕਤਰ ਸ਼ਹੀਦ ਭਗਤ ਸਿੰਘ ਖੋਜ ਕਮੇਟੀ ੮੩੮, ਕ੍ਰਿਸ਼ਨਾ ਨਗਰ ਲੁਧਿਆਣਾ। ਇਸ ਪੁਸਤਕ ਵਿਚ ਇਕ ਲੇਖ ਕੂਕਾ ਲਹਿਰ ਬਾਰੇ ਸ: ਭਗਤ ਸਿੰਘ ਦੇ ਨਾਮ ਹੇਠ ਛਪਿਆ ਹੈ ਜੋ ਅਗੇ ਵੀ ਕਈ ਰਸਾਲਿਆਂ ਵਿਚ ਪ੍ਰਕਾਸ਼ਤ ਹੋ ਚੁਕਾ ਹੈ।

ਇਸ ਦੇ ਫੁਟ ਨੋਟ ਵਿਚ ਇਹ ਸ਼ਬਦ ਲਿਖੇ ਹਨ :

"ਅਕਤੂਬਰ ੧੯੨੮ ਵਿਚ ਕ੍ਰਿਤੀ ਮਾਸਕ ਪਤਰ ਵਿਚ ਦੁਬਾਰਾ ਭਗਤ ਸਿੰਘ ਨੇ "ਜੁਗ ਗਰਦੀ ਦੇ ਅਗਨੀ ਕੁੰਡ ਸਿਰਲੇਖ ਹੇਠ ਪੰਜਾਬ ਦੀਆਂ ਰਾਜ ਪਲਟਾਊ ਲਹਿਰਾਂ ਦਾ ਇਤਿਹਾਸ ਕਰਕੇ ਲੇਖ ਲਿਖੇ ਜਿਸ ਦੇ ਅੰਦਰ ਫ਼ਿਰ ਉਹਨਾਂ ਨੇ ਲਿਖਿਆ-ਕੂਕਾ ਬਗਾਵਤ ਤੇ ਇਹ ਲੇਖ। ਵਿਦਰੋਹੀ ਦਾ ਕਲਮੀ ਨਾਂ ਇਸ ਲੇਖ ਹੇਠ ਦਿਤਾ ਗਿਆ ਸੀ।"

ਇਸ ਪੁਸਤਕ ਵਿਚ ਉਹ ਲੇਖ ਵੀ ਮੁੜ ਪ੍ਰਕਾਸ਼ਤ ਹੋਇਆ ਹੈ ਜੋ ਕਿਰਤੀ ਚੋਂ ਲੈ ਕੇ ਵਰਿਆਮ ਵਿਚ ਛਾਪਿਆ ਗਿਆ ਹੈ। ਪਰ ਜਾਂ ਤਾਂ ਨਕਲ ਕਰਨ ਸਮੇਂ ਜਾਂ ਛਾਪਣ ਸਮੇਂ ਉਕਾਈ ਹੋ ਗਈ ਹੈ। ਪੁਸਤਕ ਵਿਚ ਲਿਖਿਆ ਹੈ ਕਿ ਇਹ ਲੇਖ ਕਿਰਤੀ ਦੇ ਅਕਤੂਬਰ ੧੯੨੮ ਅੰਕ ਵਿਚ ਛੱਪਿਆ ਸੀ। ਪਰ ਅਸਲ ਵਿਚ ਇਹ ਦੋ ਕਿਸ਼ਤਾਂ ਵਿਚ ਸਤੰਬਰ ਅਤੇ ਅਕਤੂਬਰ ਅੰਕਾਂ ਵਿਚ ਛਪਿਆ ਸੀ। ਭੁਲ ਹੋਰ ਵੀ ਹੋਈ ਹੈ ਕਿ ਸੰਪਾਦਕ ਕਿਰਤੀ ਦੀ ਟਿਪਣੀ ਨੂੰ ਵੀ ਅਸਲ ਲੇਖ ਵਿਚ ਸ਼ਾਮਲ ਕਰ ਲਿਆ ਗਿਆ ਹੈ ਪਰ ਇਹ ਟਿਪਣੀ ਵੀ ਅਧੂਰੀ ਛਪੀ ਹੈ। ਇਸ ਸੰਪਾਦਕੀ ਟਿਪਣੀ ਦਾ ਕੁਝ ਭਾਗ ਅਤੇ ਅਸਲ ਲੇਖ ਦਾ ਕਾਫੀ ਭਾਗ ਇਸ ਪੁਸਤਕ ਵਿਚੋਂ ਗਾਇਬ ਹਨ। ਇਸ ਤਰ੍ਹਾਂ ਕੁਝ ਤਾਂ ਰਲ ਗੱਡ ਹੋ ਗਿਆ ਅਤੇ ਕੁਝ ਲੇਖ ਹੀ ਮਨਫੀ ਹੋ ਗਿਆ ਹੈ।

ਵਰਿਆਮ ਵਿਚ ਛਪਿਆ ਲੇਖ ਪੂਰੇ ਦਾ ਪੂਰਾ ਹੈ। ਇਹ ਦੋ ਕਿਸ਼ਤਾਂ ਦੀ ਥਾਂ ਇਕਠਾ ਹੀ ਛਪਿਆ ਹੈ ਅਤੇ ਸੰਪਾਦਕ ਕਿਰਤੀ ਦੀ ਟਿਪਣੀ ਵੱਖਰੀ ਛੱਪੀ ਹੈ। ਇਸ ਗਲ ਦਾ ਜ਼ਿਕਰ ਸੰਪਾਦਕ ਵਰਿਆਮ ਦੀ ਉਸ ਥਾਂ ਦਿਤੀ ਟਿਪਣੀ ਵਿਚ ਵੀ ਹੈ।



Sri Satguru Jagjit Singh Ji eLibrary NamdhariElibrary@gmail.com

Manufacturers of :
Solvent Extraction Plant
and Cattle Feed Plant Accessories

**Matharu Engineering Works**

Sultanpur Road,
Near Charbatti Chowk,
KAPURTHALA.
P.O. Box No. 64,
Phone : 2027
Partner-S. Swaran Singh Matharu

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**

ਫਗਵਾੜਾ ਗੇਟ, ਜਲੰਧਰ।
ਫੋਨ : 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੋਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**

ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**

ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ।

*ਅਪਣੀ ਕਿਰਪਾ ਧਾਰੀ*
*ਤਿਨਿ ਸਗਲੀ ਬਾਤ ਸਵਾਰੀ*

pecialists in : 'A' Class Decoration for
Marriages Parties & Govt. Functions

**Namdhari Tent House**

53, Hamidia Road Near Alpana Ta kies,
BHOPAL (M.P.)

Manufacturers of :
ALL KINDS OF WOODEN FURNITURE

**PARTAP**
**Furnishers & Packers**

Phone : 5441481

Showroom : B-204, Mansrover Garden,
NEW DELHI-110015.

Works : A-3, Sudershan Park,
NEW DELHI-15.



Sri Satguru Jagjit Singh Ji eLibrary NamdhariElibrary@gmail.com

# ਗੁਆਚੀ ਹੋਈ ਖ਼ੁਸ਼ਬੂ

—ਅਫ਼ਜ਼ਲ ਅਹਿਸਨ ਰੰਧਾਵਾ—

ਮੈਂ ਕਿਹੜੀ ਕਹਾਣੀ ਲਿਖਾਂ?

ਜਦੋਂ ਮੈਂ ਕਹਾਣੀ ਲਿਖਣ ਦੀ ਸੋਚਨਾ ਆਂ, ਕਿੰਨੀਆਂ ਈ ਕਹਾਨੀਆਂ ਮੇਰੇ ਚਾਰ ਚੁਫ਼ੇਰੇ ਆ ਕੇ ਖਲੋ ਜਾਂਦੀਆਂ ਨੇ। ਕਿਸੇ ਕਹਾਣੀ ਦੇ ਹੱਥ ਮਿਹਨਤ-ਮੁਸ਼ੱਕਤ ਕਰਕੇ ਖ਼ੁਰਦਰੇ ਹੋ ਗਏ ਨੇ। ਕਿਸੇ ਕਹਾਣੀ ਦੇ ਵਾਲ ਮਿੱਟੀ ਵਿਚ ਮਿੱਟੀ ਹੋ ਗਏ...ਕਿਸੇ ਕਹਾਨੀ ਦੇ ਸਿਰ ਤੇ ਚੁੰਨੀ ਨਹੀਂ...ਕਿਸੇ ਕਹਾਣੀ ਦਾ ਮੱਖਣ ਵਰਗਾ ਜੁੱਸਾ ਜਹਾਜ਼ ਦੀ ਸਟਰੈਫ਼ਿੰਗ ਨਾਲ ਛਾਣਨੀ ਏਂ...ਕਿਸੇ ਕਹਾਣੀ ਦੇ ਸੁਹਣੇ ਚਿਹਰੇ ਤੇ ਬਾਰੂਦ ਦੀ ਸੜ੍ਹਾਂਦ ਤੇ ਲਹੂ ਦੇ ਦਾਗ਼ ਨੇ...ਕਿਸੇ ਕਹਾਣੀ ਦੀ ਬਾਂਹ ਵੱਢੀ ਏ...ਕਿਸੇ ਦੀ ਲੱਤ ਹੈ ਨਹੀਂ...ਕਿਸੇ ਦੀਆਂ ਅੱਖਾਂ ਟੁਰ ਗਈਆਂ...ਕਿਸੇ ਦਾ ਗੋਸ਼ਤ ਨੇਪਾਮ ਬੰਮ ਦੀ ਅੱਗ ਨਾਲ ਝੁਲਸ ਗਿਆ ਏ।

ਚਾਰ ਚੁਫ਼ੇਰੇ ਵੇਖਨਾ ਆਂ ਤੇ ਮੇਰੀ ਕੋਈ ਵੀ ਕਹਾਣੀ ਸਾਲਮ ਨਹੀਂ। ਕਿਸੇ ਦਾ ਹੁਸਨ ਵੀ ਕਾਇਮ ਨਹੀਂ ਰਿਹਾ... ਕਿਸੇ ਦੇ ਲੀੜੇ ਵੀ ਪੂਰੇ ਤੇ ਪਿੰਡਾ ਢੱਕਣ ਵਾਲੇ ਨਹੀਂ...ਸਭ ਬਦ-ਸੂਰਤੀ ਦੇ ਗਹਿਰੇ ਸਾਏ ਥੱਲੇ ਨ—ਪਰ ਬਦ-ਸੂਰਤੀ ਵੀ ਤੇ ਇਕ ਹੁਸਨ ਏ। ਤੇ ਸ਼ਾਇਰ ਅਦੀਬ ਤੇ ਅਜ਼ਲ ਤੋਂ ਹੁਸਨ ਵੰਡਦਾ ਤੇ ਹੁਸਨ ਨੂੰ ਸਰਾਹੁੰਦਾ ਆਇਆ ਏ। ਤੇ ਮੈਂ ਕਿਉਂ ਬਦ-ਸੂਰਤੀ ਨੂੰ ਹੁਸਨ ਦੀ ਝੂਠੀ ਚਾਦਰ ਵਿਚ ਲਵ੍ਹੇਟ ਕੇ ਲੋਕਾਂ ਨੂੰ ਵਿਖਾਉਂਦਾ ਆਂ? ਚਾਦਰ ਲਾਹ ਕੇ ਕਿਉਂ ਨਹੀਂ ਦਸਦਾ? ਪਰ ਇਹਦੀ ਵੀ ਕੀ ਲੋੜ ਏ? ਮੇਰੀਆਂ ਸਾਰੀਆਂ ਕਹਾਣੀਆਂ ਦਾ ਜਨਮ ਵੀ ਮਿੱਟੀ ਤੋਂ ਹੋਇਆ ਏ ਤੇ ਇਹਨਾਂ ਦੇ ਪੈਰ ਵੀ ਮਿੱਟੀ ਉਤੇ ਨੇ। ਇਹਨਾਂ ਦੀ ਬਦ-ਸੂਰਤੀ ਵਿਚ ਵੀ ਮਿੱਟੀ ਦੀ ਪੀੜ ਏ ਤੇ ਇਹੋ ਹੀ ਪੀੜ ਇਹਨਾਂ ਨੂੰ ਬਦ-ਸੂਰਤ ਕਰ ਦੇਂਦੀ ਏ। ਪਰ ਹੁਣ ਮੈਂ ਬਦ-ਸੂਰਤ ਦਾ ਲਫ਼ਜ਼ ਨਹੀਂ ਲਿਖਾਂਗਾ। ਕਿਉਂ ਜੁ ਮਿੱਟੀ ਦਾ ਜ਼ਖ਼ਮ...ਮਿੱਟੀ ਦਾ ਦੁਖ...ਮਿੱਟੀ ਦੀ ਸਾਂਝ, ਕਦੀ ਵੀ ਵੀ ਬਦ-ਸੂਰਤੀ ਨਹੀਂ, ਸਗੋਂ ਖ਼ੂਬਸੂਰਤੀ ਦੇਂਦੇ ਨੇ। ਪਰ ਮਿੱਟੀ ਇਨਸਾਨ ਦੇ ਪੈਦਾ ਹੋਣ ਤੋਂ ਪਹਿਲਾਂ ਵੀ ਇਹੋ ਜਿਹੀ ਸੀ। ਸਗੋਂ ਇਨਸਾਨ ਨੇ ਮਿੱਟੀ ਨੂੰ ਜ਼ਖ਼ਮ ਦੁੱਖ..ਦਰਦ ਤੇ ਬਦ-ਸੂਰਤੀਆਂ ਦਿੱਤੀਆਂ...ਮਿੱਟੀ ਨੇ ਸਦਾ ਇਨਸਾਨ ਦੀ ਸੂਰਤ ਵੇਖਣ ਤੋਂ ਬਗ਼ੈਰ ਈ ਆਸਰਾ ਦਿੱਤਾ...ਤੇ ਦੇਂਦੀ ਰਹੇਗੀ। ਇਨਸਾਨ, ਮਿੱਟੀ ਤੇ ਆਸਰਾ।

ਪਰ ਇਨਸਾਨ ਕੋਲੋਂ ਮਿੱਟੀ ਦਾ ਆਸਰਾ ਖੋਹਣ ਵਾਲਾ ਕੌਣ ਏ? ਮੇਰੇ ਕੋਲੋਂ ਮੇਰੀ ਪੱਗ ਤੇ ਮੇਰੀ ਜੁੱਤੀ ਕਿਨੇ ਖੋਹੀ, ਜਿਹੜੀ ਮੈਂ ਆਪਣੇ ਦਾਣੇ ਵੇਚ ਕੇ ਲਿਆਂਦੀ ਸੀ? ਦਾਣੇ, ਜਿਹੜੇ ਮੈਂ ਆਪਣਾ ਮੁੜ੍ਹਕਾ, ਮਿੱਟੀ ਦੇ ਮੁੜ੍ਹਕੇ ਵਿਚ ਰਲਾ ਕੇ, ਮਿੱਟੀ ਵਿਚੋਂ ਕੱਢੇ ਸਨ। ਮੇਰੇ ਅੰਦਰੋਂ ਮੇਰਾ ਸਾਰਾ ਲਹੂ ਕਿਸ ਮਸ਼ੀਨ ਨੇ ਨਿਚੋੜ ਲਿਆ ਏ? ਜਿਹੜਾ ਮੈਂ ਆਪਣਾ ਤੇ ਆਪਣੇ ਬਾਲ-ਬੱਚੇ ਦਾ ਢਿੱਡ ਭਰਨ ਦਾ ਠੇਕਾ ਕਰਨ ਦੇ ਭੁਲੇਵੇਂ ਖੁਹਾ ਬੈਠਾ ਤੇ ਮੇਰਾ ਢਿੱਡ ਕਿਉਂ ਖ਼ਾਲੀ ਏ? ਮੇਰਾ ਸਾਰਾ ਲਹੂ ਮਸ਼ੀਨ ਨੂੰ ਦੇਣ ਦੇ ਮਗਰੋਂ ਵੀ ਮੇਰੇ ਬਾਲ ਭੁੱਖੇ ਕਿਉਂ ਨੇ? ਮੇਰੀ ਮਿੱਟੀ ਉਤੇ ਲੀਕਾਂ ਕਿਸ ਨੇ ਖਿੱਚ ਦਿਤੀਆਂ ਤੇ ਕਿਉਂ? ਜਮੀਲਾ ਦੇ ਹੁਸਨ ਨੂੰ ਅਲ-ਜਜ਼ਾਇਰ ਦੀ ਕਿਹੜੀ ਸ਼ੈਅ ਵਗਾੜ ਦਿੱਤਾ? ਵੀਤਨਾਮ ਦੇ ਭਰੇ ਜੰਗਲਾਂ ਤੇ ਨਿੱਕੇ ਨਿੱਕੇ ਘਰਾਂ ਨੂੰ ਕਿਸ ਸੁਆਹ ਦਾ ਢੇਰ ਬਣਾ ਦਿੱਤਾ? ਸਹਿਰਾਏ-ਸੀਨਾ ਵਿਚ ਲਹੂ ਕਿਉਂ ਤੇ ਕਿਸ ਉਹਦੀ ਰੇਤ ਤੇ ਰੋੜ੍ਹ ਕੇ, ਰੇਤ ਦਾ ਰੰਗ ਬਦਲਾ ਕਾਲੇ ਨੂੰ ਗੋਰੇ, ਨਫ਼ਰਤ ਨਾਲ ਗਟਰ ਦਾ ਭਰਾ ਸਮਝ ਕੇ ਗਟਰ ਵਿਚ ਕਿਉਂ ਸੁੱਟ ਦਿਤਾ? ਇਨਸਾਨ ਜੇ ਜਮਾਂਦਰੂ ਆਜ਼ਾਦ ਏ, ਤਾਂ ਫੇਰ ਉਹਨੂੰ ਗੁਲਾਮ ਬਨਾਉਣ ਲਈ ਸਾਇੰਸ ਨੇ ਏਨੀਆਂ ਈਜਾਦਾਂ ਕਿਉਂ ਕੀਤੀਆਂ ਨੇ? ਮਿੱਟੀ ਮੁਕੱਦਸ ਏ ਤੇ ਫੇਰ ਉਹਦੇ ਸੀਨੇ ਉਤੇ ਰੋਜ਼ ਜ਼ਖ਼ਮ ਲਾ ਕੇ, ਲਹੂ ਵਗਾ ਕੇ ਉਹਦਾ ਪਿੰਡਾ ਕਿਉਂ ਛਾਣਨੀ ਕੀਤਾ ਜਾਂਦਾ ਏ? ਰੱਬ ਜੇ ਆਸਰਾ ਏ, ਤੇ ਫੇਰ ਇਨਸਾਨ ਕੋਲੋਂ ਉਹਦਾ ਆਸਰਾ ਕਿਉਂ ਖੋਹਿਆ ਜਾਂਦਾ ਹੈ? ਰੱਬ, ਮਿੱਟੀ, ਇਨਸਾਨ ਤੇ ਆਸਰਾ, ਜੇ ਇਕ ਚਕੋਰ ਏ, ਤੇ ਫੇਰ ਕਿਹੜਾ ਹੱਥ ਇਹਨਾਂ ਲੀਕਾਂ ਤੇ ਪੂੰਝੇ ਮਾਰ ਕੇ ਇਹਨਾਂ ਨੂੰ ਮਿਟਾਉਣ ਦਾ ਚਾਰਾ ਕਰਦਾ ਏ? ਤੇ ਜਦੋਂ ਨਾਜ਼ੀ ਆਕਸਫ਼ੋਰਡ ਦੇ ਲਹਿਜੇ ਵਿਚ ਅੰਗਰੇਜ਼ੀ ਬੋਲਦੀ ਬੋਲਦੀ, ਉਹ ਪੰਜਾਬੀ ਬੋਲੀ ਸੁਣ ਕੇ ਮੇਰੇ ਵੱਲ ਮੋਟੀਆਂ ਸ਼ਰਬਤੀ ਅੱਖਾਂ ਨਾਲ ਸਵਾਲੀਆ ਅੰਦਾਜ਼ ਵਿਚ ਵੇਖਦੀ ਏ:

ਰੱਬ ਵਰਗਾ ਆਸਰਾ ਤੇਰਾ,
ਵੱਸਦਾ ਰਹੁ ਮਿੱਤਰਾ।

ਤੇ ਓਹਨੂੰ ਕੀ ਜਵਾਬ ਦੇਵਾਂ? ਆਖਾਂ, ਰੱਬ ਕੋਲ ਹੋਰ ਬੜੇ ਕੰਮ ਨੇ, ਦੁਨੀਆ ਵਧ ਗਈ ਏ। ਮਸਾਇਲ ਵਧ ਗਏ ਨੇ। ਓਹ ਵਿਹਲਾ ਨਹੀਂ, ਤੇ ਆਸਰਾ? ਕਿਦ੍ਹਾਂ ਤੇ ਕਾਹਦਾ? ਜਦੋਂ ਆਸਰਿਆਂ ਦੀ ਤਾਦਾਦ ਤੋਂ ਕਈ ਹਜ਼ਾਰ ਗੁਣਾਂ ਵੱਧ, ਉਹਨਾਂ ਲੋਕਾਂ ਦੀ ਤਾਦਾਦ ਏ, ਜਿਹੜੇ ਆਸਰੇ ਖੋਂਹਦੇ ਨੇ।

ਚਾਚਾ ਟਹਿਲ ਸਿੰਘ ਠੀਕ ਆਖਦਾ ਹੁੰਦਾ ਸੀ, "ਪੁੱਤਰ! ਅਸੀਂ ਸਾਰੇ ਈ ਕਹਾਣੀਆਂ ਆਂ। ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।"



Sri Satguru Jagjit Singh Ji eLibrary NamdhariElibrary@gmail.com

ਆਹੋ ਚਾਚਾ ਟਹਿਲ ਸਿੰਘ ! ਤੂੰ ਠੀਕ ਆਖਦਾ ਸੈਂ । ਅਜੇ ਕਲ੍ਹ ਦੀ ਗੱਲ ਏ, ਜਦੋਂ ਤੂੰ ਏਥੇ, ਏਸ ਮਿੱਟੀ ਦਾ ਪੁੱਤਰ, ਏਸ ਮਿੱਟੀ ਵਿਚੋਂ ਕੱਢੇ ਸੋਨੇ ਦੀਆਂ ਮੌਜਾਂ ਮਾਣਦਾ ਸੈਂ । ਇਹ ਮਿੱਟੀ ਤੈਨੂੰ ਲਾਡਲੇ ਪੁੱਤਰਾਂ ਵਾਂਗਰ ਲਾਡ ਲਡਾਉਂਦੀ ਸੀ । ਤੇਰੀਆਂ ਹਵਾ ਨਾਲੋਂ ਤੇਜ਼ ਦੌੜਨ ਵਾਲੀਆਂ ਘੋੜੀਆਂ ਦੀ ਧੁੰਮ, ਸਾਰੇ ਬਾਹਰੇ ਵਿਚ ਸੀ । ਤੇਰੇ ਧੰਨੀ ਦੇ ਢੱਗੇ, ਲੋਕ ਦੂਰੋਂ-ਦੂਰੋਂ ਵੇਖਣ ਆਉਂਦੇ ਸਨ । ਤੇਰੀਆਂ ਨੀਲੀ ਦੀਆਂ ਮੱਝਾਂ ਦੇ ਨਾਲ ਦੀਆਂ, ਸਾਰੇ ਪੰਜਾਬ ਵਿਚ ਕਿਸੇ ਕੋਲ ਮੱਝਾਂ ਨਹੀਂ ਸਨ, ਤੇਰੇ ਦਲਾਨ, ਰੰਗੀਲ ਮੰਜੀਆਂ ਤੇ ਪੇਟੀਆਂ, ਰੰਗ-ਬਰੰਗੀਆਂ ਫੁਲਕਾਰੀਆਂ, ਰਜ਼ਾਈਆਂ ਤੇ ਸੋਹਣੀਆਂ ਖੇਸੀਆਂ ਨਾਲ ਭਰੀਆਂ ਰਹਿੰਦੀਆਂ ਸਨ । ਤੇਰੇ ਬੂਹੇ ਤੋਂ ਕਦੇ ਕੋਈ ਲੋੜਵੰਦ ਖਾਲੀ ਹੱਥ ਨਹੀਂ ਸੀ ਗਿਆ । ਤੂੰ ਇਕ ਵੱਡਾ ਸਰਦਾਰ ਹੋ ਕੇ ਵੀ ਆਪਣੇ ਨੌਕਰਾਂ ਨੂੰ ਪੁੱਤਰਾਂ ਵਾਂਙੂ ਰਖਦਾ ਸੈਂ, ਪਿੰਡ ਦੀ ਧੀ-ਭੈਣ ਨੂੰ ਆਪਣੀ ਧੀ-ਭੈਣ ਸਮਝਦਾ ਸੈਂ । ਹਰ ਇਕ ਦੀ ਪੀੜ ਵਿਚ ਤੇਰੀ ਸਾਂਝ ਸੀ ।

ਭੈਣੀ ਸਾਹਿਬ ਵਾਲੇ ਗੁਰੂ, ਦਾਇਰੇ ਵਾਲੇ ਬੋਹੜ ਥੱਲੇ ਸੰਗਤਾਂ ਲਾਈ ਬੈਠੇ ਸਨ । ਤੇਰੀ ਹਵੇਲੀ ਵਿਚ ਸੈਂਕੜੇ ਪ੍ਰਾਹੁਣਿਆਂ ਲਈ ਪ੍ਰਸ਼ਾਦ ਪੱਕ ਰਹੇ ਸਨ । ਬੇਸਮਝ ਮੁੰਡੇ ਲੁੱਕ-ਲੁੱਕ ਕੇ ਬੋਲੀਆਂ ਪਾਉਂਦੇ ਫਿਰਦੇ ਸਨ :

ਕਣਕਾ ਖਾਣ ਦੇ ਮਾਰੇ,
ਆ ਗਏ ਨਾਮਧਾਰੀਏ ।

ਸਾਰੇ ਪਿੰਡ ਵਿਚ ਮੇਲਾ ਲੱਗਾ ਹੋਇਆ ਸੀ । ਅਸੀਂ ਵੀ ਨਿੱਕੇ-ਨਿੱਕੇ ਗੁਰੂ ਹੋਰਾਂ ਦੇ ਦਰਸ਼ਨ ਕਰਨ ਗਏ । ਹੋਰ ਵੀ ਲੋਕ ਦੂਰੋਂ-ਦੂਰੋਂ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਆਏ ਹੋਏ ਸਨ । ਤੂੰ ਪਾਲ ਸਿੰਘ ਤੇ ਮੈਨੂੰ ਫੜ ਕੇ ਗੁਰੂ ਹੋਰਾਂ ਸਾਹਮਣੇ ਖਲ੍ਹਾਰ ਦਿੱਤਾ ।

"ਇਹ ਮੇਰੇ ਪੁੱਤਰ ਨੇ ।" ਤੂੰ ਆਖਿਆ । ਪਾਲੇ ਦਾ ਸਿਰ ਨੰਗਾ ਸੀ ਤੇ ਓਸ ਨਿੱਕਾ ਜਿਹਾ ਜੂੜਾ ਘੁੱਟ ਕੇ ਬੰਨ੍ਹਿਆ ਸੀ । ਗੁਰੂ ਹੋਰਾਂ ਪਹਿਲੇ ਓਹਦੇ ਸਿਰ ਤੇ ਪਿਆਰ ਦਿੱਤਾ ਤੇ ਤੇਰੇ ਵਲ ਸਵਾਲੀਆ ਨਜ਼ਰਾਂ ਨਾਲ ਵੇਖਿਆ, ਜਿਵੇਂ ਪੁਛਦੇ ਹੋਣ, ਇਹ ਦੂਜਾ ਮੁਸਲਮਾਨ ਮੁੰਡਾ ਕੌਣ ਏ ?" ਤੇ ਤੂੰ ਆਖਿਆ ਸੀ, ਮੇਰੇ ਭਰਾ ਦਾ ਪੁੱਤਰ ਏ ।'

ਤੇ ਗੁਰੂ ਹੋਰਾਂ ਹੱਸ ਕੇ, ਦੋਹਾਂ ਹੱਥਾਂ ਨਾਲ ਮੇਰੇ ਸਿਰ ਤੇ ਪਿਆਰ ਦਿੱਤਾ ਤੇ ਦੁਆ ਦਿੱਤੀ ।

ਤੇ ਫੇਰ ਚਾਚਾ ਤੇਰੀ ਸਾਵੀ ਘੋੜੀ ਨੇ, ਜਿਹੜੀ ਤੂੰ ਮਹਾਰਾਜਾ ਕਪੂਰਥਲਾ ਕੋਲੋਂ ਓਸ ਜ਼ਮਾਨੇ ਵਿਚ ਦਸ ਹਜ਼ਾਰ ਦੀ ਲਈ ਸੀ, ਬੜੀਆਂ ਆਸਾਂ ਤੇ ਸੱਧਰਾਂ ਦੀ ਵਛੇਰੀ ਦਿੱਤੀ । ਤੇਰੀ ਓਸ ਵਛੇਰੀ ਵਿਚ ਜਾਨ ਸੀ ਤੇ ਬੜਾ ਚਿਰ ਮਗਰੋਂ ਮੈਨੂੰ ਪਤਾ ਲੱਗਾ. ਕਿ ਉਹ ਵਛੇਰੀ ਬੜੇ ਬੇ-ਬਹਾ ਮੁੱਲ ਦੀ ਸੀ । ਓਦੋਂ ਵਛੇਰੀ ਮਸਾਂ ਹੀ ਛਿਆਂ ਮਹੀਨਿਆਂ ਦੀ ਹੋਵੇਗੀ । ਮੈਂ ਇਕ ਦਿਨ ਖੇਡਦਾ-ਖੇਡਦਾ ਤੇਰੇ ਘਰ ਚਲਾ ਗਿਆ । ਸੋਨੇ ਦੇ ਦਿਲ ਵਾਲੀ ਚਾਚੀ ਨੇ ਸਦਕੇ ਵਾਰੀ ਹੋ ਕੇ, ਘੁੱਟ ਕੇ ਦੋਹਾਂ ਹੱਥਾਂ ਦਾ ਪਿਆਰ ਮੇਰੇ ਸਿਰ ਤੇ ਦਿੱਤਾ । ਮੱਥਾ ਚੁੰਮਿਆ ਤੇ ਮੈਨੂੰ ਗੋਦੀ ਵਿਚ ਬਿਠਾ ਲਿਆ । ਇਕ ਰੋਟੀ ਦੀ ਚੂਰੀ ਕੁਟ ਕੇ ਤੇ ਸ਼ੱਕਰ ਪਾ ਕੇ ਮੈਨੂੰ ਧੱਕੇ ਨਾਲ ਖੁਆਉਣ ਲੱਗ ਪਈ । ਏਨੇ ਚਿਰ ਵਿਚ ਪਾਲਾ ਆ ਗਿਆ ਤੇ ਅਸੀਂ ਦੋਵੇਂ ਖੇਡਦੇ-ਮੱਲਦੇ ਹਵੇਲੀ ਆ ਗਏ । ਭਾਊ ਰਤਨ ਹਵੇਲੀ ਵਿਚ ਸੀ। ਉਹਦੀ ਬਾਂਦਰੀ ਬੰਦਿਆਂ ਵਾਂਙੂੰ ਵੇਲਣੇ ਵਿਚ ਗੰਨੇ ਲਾਉਣ ਡਹੀ ਸੀ । ਭਾਊ ਧੂੜ ਵਿਚ ਸੋਡਾ ਪਾ ਉਤੋਂ ਮੈਲ ਲਾਹੁਣ ਡਿਹਾ ਸੀ । (ਮੈਨੂੰ ਅਜੇ ਤੀਕਰ ਯਾਦ ਏ । ਭਾਊ ਦਾ ਗੁੜ ਸਾਰੇ ਪਿੰਡ ਦੇ ਗੁੜ ਵਿਚੋਂ ਚਿੱਟਾ ਤੇ ਸਾਫ਼ ਹੁੰਦਾ ਸੀ । ਨਿੱਕੂ ਈਸਾਈ ਚੁੰਬਾ ਝੋਕਣ ਡਿਹਾ ਸੀ । ਭਾਊ ਚੁੰਬੇ ਦੇ ਧੂੰਏ ਤੇ ਗੁੜ ਦੀ ਧੂੜ ਵਿਚੋਂ ਉਠਣ ਵਾਲੀ ਭਾਫ਼ ਵਿਚ ਲੁਕਿਆ ਲਗਦਾ ਸੀ । ਪਰ ਓਸ ਪਾਲੇ ਤੇ ਮੈਨੂੰ ਵੇਖ ਲਿਆ ।

"ਰਹੁ ਪੀ !"

"ਗੁੜ ਖਾ !"

"ਗੰਨਾ ਚੂਪ ਲੈ !"

"ਬਹਿ ਜਾ...ਓਏ ਮੁੰਡਿਆ ! ਮੰਜੀ ਪਰ੍ਹਾਂ ਧੁੱਪੇ ਕਰ ਦੇ ਵੀਰ ਨੂੰ ।"

'ਖੌਰੇ ਭਾਊ ਰਤਨ ਸਿੰਘ ਨੇ ਮੇਰੇ ਕਿੰਨੇ ਕੁ ਹੁਕਮ ਲਾ ਦਿਤੇ । ਪਰ ਮੇਰਾ ਧਿਆਨ ਓਸ ਵਛੇਰੀ ਵੱਲ ਚਲਾ ਗਿਆ ਤਾਂ ਮੈਂ ਤੇ ਪਾਲ ਸਿੰਘ ਕੋਲ ਜਾ ਕੇ ਵਛੇਰੀ ਵੇਖਣ ਲੱਗ ਪਏ । ਰੱਜ ਕੇ ਸੋਹਣੀ ਵਛੇਰੀ, ਤਸਵੀਰ ਲੱਗਦੀ ਸੀ । ਖ਼ੌਰੇ ਕਿਧਰੋਂ ਚਾਚਾ ਟਹਿਲ ਸਿੰਘ ਆ ਗਿਆ ਤੇ ਖ਼ੌਰੇ ਕਿਸ ਮੂਰਖਪੁਣੇ ਵਿਚ ਮੈਂ ਉਹਦੀ ਗੋਦੀ ਚੜ੍ਹਿਆਂ, ਓਸ ਵਛੇਰੀ ਤੇ ਚੜ੍ਹਨ ਦੀ ਜ਼ਿੱਦ ਕੀਤੀ । ਸੱਤਾਂ ਵਰ੍ਹਿਆਂ ਤੇ ਬਾਲ ਵਿਚ ਸਮਝ ਕਿੰਨੀ ਕੁ ਹੁੰਦੀ ਏ ? ਪਰ ਚਾਚਾ ! ਤੂੰ ਮੈਨੂੰ ਇਕ ਵਾਰ ਨਾ ਮੋੜਿਆ, ਨਾ ਸਮਝਾਇਆ ਤੇ ਓਸ ਮਾਸੂਮ ਤੇ ਬੇ-ਬਹਾ ਮੁੱਲ ਦੀ ਵਛੇਰੀ ਨੂੰ ਫੜ ਕੇ, ਲਗਾਮ ਨੂੰ ਗੰਢਾਂ ਦੇ ਦੇ ਕੇ, ਛੋਟੀ ਕਰਕੇ ਉਹਨੂੰ ਲਗਾਮ ਦੇ ਦਿੱਤੀ । ਜਿਹੜਾ ਬੰਦਾ, ਜਿੱਥੇ ਸੀ, ਹੈਰਾਨੀ ਨਾਲ ਬੁੱਤ ਬਣ ਗਿਆ । ਭਾਊ ਪੱਕੇ ਹੋਏ ਧੂੜੇ ਨੂੰ ਛੱਡ ਕੇ ਖਲੋ ਗਿਆ । ਹੋਰ ਬੰਦਾ, ਚਾਚਾ, ਤੇਰੇ ਵਲ ਵੇਖਣ ਡਿਹਾ ਸੀ, ਜਿਹੜਾ ਤੂੰ ਇਕ ਬਾਲ ਦੇ ਮੂਰਖਪੁਣੇ ਨਾਲ ਆਪ ਵੀ ਬਾਲ ਬਣ ਗਿਆ ਸੈ, ਪਰ ਤੇਰੇ ਕੰਮਾਂ ਵਿਚ ਦਖ਼ਲ ਦੇਣ ਦੀ ਹਿੰਮਤ ਤੇ ਜੁਰਅੱਤ ਕਿਹਨੂੰ ਸੀ । ਫੇਰ ਤੂੰ ਮੋਢੇ ਵਾਲੀ ਖੱਦਰ ਦੀ ਚਾਦਰ ਲਾਹ, ਟੱਪਦੀ,


Sri Satguru Jagjit Singh Ji eLibrary NamdhariElibrary@gmail.com

ਨੱਚਦੀ, ਘਬਰਾਈ ਹੋਈ ਤੇ ਪ੍ਰੇਸ਼ਾਨੀ ਨਾਲ ਨਿਢਾਲ ਹੋਈ ਵਛੇਰੀ ਉਤੇ ਪਾਈ ਤੇ ਫੇਰ ਕਾਠੀ ਓਹਦੇ ਮਾਸੂਮ, ਨਿੱਕੇ, ਨਰਮ ਤੇ ਨਰੋਏ ਲੱਕ ਤੇ ਪਾ ਕੇ ਤੰਗ ਨੂੰ ਗੰਢਾਂ ਦੇ ਕੇ ਕੱਸ ਦਿਤਾ। ਅੱਜ ਸੋਚਨਾ ਆਂ ਕਿ ਛਿਆਂ ਮਹੀਨਿਆਂ ਦੀ ਦੁੱਧ ਪੀਂਦੀ ਕੋਮਲ ਬਾਲੜੀ ਵਛੇਰੀ ਦੀ ਜਾਨ ਲੈਣ ਲਈ ਤਾਂ ਏਨਾ ਦੁੱਖ ਤੇ ਸਦਮਾ ਈ ਬੜਾ ਸੀ। ਪਰ ਚਾਚਾ! ਫੇਰ ਤੂੰ ਮੈਨੂੰ ਓਹਦੇ ਉਤੇ ਚਾੜ੍ਹ ਕੇ ਤੇ ਉਹਨੂੰ ਅੱਗੋਂ ਫੜ ਕੇ ਹਵੇਲੀ ਦੇ ਦੋ ਫੇਰੇ ਲਵਾਏ ਤੇ ਵਛੇਰੀ ਦੇ ਦੁੱਖ ਤੇ ਸਦਮੇ ਨਾਲ ਨਿਢਾਲ ਹੋ ਕੇ ਡਿੱਗ ਕੇ ਮਰ ਗਈ। ਮਹਾਰਾਜ ਕਪੂਰਥਲੇ ਦੀ ਲਾਡਲੀ ਸਾਵੀ ਘੋੜੀ ਦੀ ਸੋਹਣੀ ਵਛੇਰੀ, ਜਿਹੜੀ ਤੂੰ ਕਿੰਨੀਆਂ ਸੱਧਰਾਂ ਤੇ ਆਸਾਂ ਨਾਲ ਲਈ ਸੀ। ਪਰ ਤੇਰੇ ਮੱਥੇ ਤੇ ਵੱਟ ਤੇ ਕੀ, ਕਿਸੇ ਵੀ ਉਫ਼ ਨਾ ਕੀਤੀ, ਸਿਵਾਏ ਅੱਬਾ ਜੀ ਦੇ ਕਿ ਜਦੋਂ ਉਹਨਾਂ ਸੁਣਿਆਂ, ਮੈਨੂੰ ਵੀ ਗੁੱਸੇ ਹੋਏ ਤੇ ਤੈਨੂੰ ਵੀ। ਪਰ ਤੂੰ ਹੱਸ ਛੱਡਿਆ।

ਚਾਚਾ! ਅੱਜ ਮੈਂ ਬਾਲਗ਼ ਆਂ। ਸਿਆਣਾ ਆਂ। ਪੱਥਰ ਵਾਙੂੰ ਠੇਡੇ ਖਾ ਖਾ ਕੇ ਗੋਲ ਹੋ ਗਿਆ ਆਂ। ਦੁਨੀਆ ਦਾ ਸਰਦ-ਗਰਮ ਵੀ ਵੇਖਿਆ ਤੇ ਉਹਨਾਂ ਦੇ ਵਸਨੀਕਾਂ ਨੂੰ ਵੇਖਣ, ਪਰਖਣ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ ਏ। ਅੱਜ ਉਹ ਗੱਲਾਂ, ਖ਼ਾਬਾਂ ਦੀਆਂ ਗੱਲਾਂ ਲਗਦੀਆਂ ਨੇ, ਗਵਾਚੇ ਹੋਏ ਖ਼ਾਬ। ਕਿੱਡਾ ਬਦ-ਕਿਸਮਤ ਹੁੰਦਾ ਏ ਉਹ ਬੰਦਾ, ਜਿਸ ਦੇ ਖ਼ਾਬ ਗਵਾਚ ਜਾਣ। ਅੱਜ ਸੋਚਨਾ ਆਂ, ਚਾਚਾ, ਅਜੇ ਤੂੰ, ਉਹਦਾ ਸੱਕਾ ਭਰਾ ਤੇ ਨਹੀਂ ਸੈਂ। ਪਰ ਜਿੰਨਾ ਪਿਆਰ ਤੂੰ ਮੈਨੂੰ ਦਿੱਤਾ, ਓਨਾ ਤੇ ਮੇਰੇ ਕਿਸੇ ਸੱਕੇ ਚਾਚੇ ਵੀ ਨਹੀਂ ਦਿੱਤਾ। ਲਹੂ ਤੇ ਲਹੂ ਦੀ ਤਾਂ ਆਖਦੇ ਨੇ ਸਾਂਝ ਈ ਬੜੀ ਹੁੰਦੀ ਏ, ਜਿਵੇਂ ਭੁੱਖ ਦੀ ਤੇ ਭੁੱਖ ਦੀ ਬੜੀ ਸਾਂਝ ਹੁੰਦੀ ਏ। ਪਰ ਫੇਰ ਵੀ ਤੂੰ ਮੈਨੂੰ ਸੱਕਿਆਂ ਨਾਲੋਂ ਪਿਆਰਾ ਕਿਉਂ ਸੈਂ? ਮੈਂ ਤੈਨੂੰ, ਤੇਰੇ ਪਾਲੇ ਨਾਲੋਂ ਬਹੁਤਾ ਪਿਆਰਾ, ਬਹੁਤਾ ਲਾਡਲਾ ਤੇ ਬਹੁਤਾ ਨੇੜੇ ਕਿਉਂ ਸਾਂ?

ਫੇਰ ਉਹ ਅਨ੍ਹੇਰੀ ਚੜ੍ਹੀ ਤੇ ਹੋਣੀ ਜ਼ਮੀਨ ਤੇ ਆ ਕੇ ਇਨਸਾਨ ਦੇ ਰੂਪ ਵਿਚ ਬਹਿ ਗਈ। ਰਾਵੀ ਤੇ ਬਸੰਤਰ ਹੜ੍ਹ ਨਾਲ ਗਜ਼ਬਨਾਕ ਹੋਏ, ਤੇ ਛੱਲਾਂ ਗੁੱਸੇ ਵਿਚ ਝੱਗ ਨਾਲ ਭਰੇ ਮੂੰਹ ਲੈ ਕੇ ਅੰਦਰੋਂ ਬਾਹਰ ਨਿਕਲ ਆਈਆਂ। ਚਾਰ-ਚੁਫ਼ੇਰੇ ਲੱਕ-ਲੱਕ ਪਾਣੀ ਏ। ਤੂੰ ਭਰੀ ਹਵੇਲੀ ਤੇ ਭਰੇ ਘਰ ਵਿਚੋਂ, ਬੱਸ ਦੋ ਚਾਰ ਸ਼ੈਵਾਂ ਲਈਆਂ ਤੇ ਮੇਰੇ ਚਾਚੇ ਤਾਏ ਤੇ ਪਿਓ ਓਸ ਗੱਡੇ ਨੂੰ ਬਰਛੀਆਂ, ਛਵ੍ਹੀਆਂ ਤੇ ਬੰਦੂਕਾਂ ਦੇ ਪਹਿਰੇ ਵਿਚ ਲੈ ਕੇ ਟੁਰ ਪਏ। ਗੱਡੇ ਤੇ ਚਾਚੀ, ਪਾਲਾ, ਭੈਣ, ਤੂੰ ਤੇ ਰੱਤੂ ਸਉ ਤੇ ਤੁਹਾਡੇ ਆਲੇ-ਦੁਆਲੇ, ਤੁਹਾਡੀ ਹਿਫ਼ਾਜ਼ਤ ਲਈ ਅਸੀਂ ਡੇਰੇ ਦੇ ਪੁਲ ਤੀਕਰ ਗਏ। ਤੁਸੀਂ ਵੀ ਰੋ ਰੋ ਕੇ ਨਿਢਾਲ ਹੋ ਗਏ ਤੇ ਤੁਹਾਨੂੰ ਛੱਡਣ ਜਾਣ ਵਾਲੇ ਵੀ। ਰਾਹ ਵਿਚ ਲੁਟ-ਮਾਰ, ਕਤਲੋ-ਗਾਰਤ, ਹਮਲੇ ਤੇ ਹੋਰ ਕੀ ਬੁਲਾਵਾਂ ਤੇ ਪੁਲ ਉਤੇ ਜਾ ਕੇ, ਜਦੋਂ ਮੇਰੇ ਪਿਓ ਤੇ ਤੂੰ ਜੱਫੀ ਮਾਰੀ ਤੇ ਤੁਸਾਂ ਦੋਹਾਂ ਈ ਧਾਹੀਆਂ ਮਾਰੀਆਂ। ਤੁਹਾਨੂੰ ਡੇਰੇ ਵਾਲੇ ਪੁਲ ਤੋਂ ਲੰਘਦਿਆਂ ਵੇਖ ਕੇ ਮੇਰਾ ਪਿਓ, ਕਿਵੇਂ ਬਾਲਾਂ ਵਾਂਙੂੰ ਢਾਹਾਂ ਮਾਰਦਾ ਰਿਹਾ। ਤੁਸੀਂ ਅਗ੍ਹਾਂ ਲੰਘ ਕੇ ਖ਼ਲਕਤ ਦੇ ਹੜ੍ਹ ਵਿਚ ਗਵਾਚ ਗਏ, ਪਰ ਅਸੀਂ ਸ਼ਾਮ ਤੀਕਰ ਕਿਉਂ ਪੁਲ ਤੇ ਖਲੋਤੇ ਤੇ ਰੋਂਦੇ ਰਹੇ। ਤੇ ਅਖੀਰ ਤੁਹਾਨੂੰ ਗਵਾ ਕੇ, ਆਪਣੇ ਤੇ ਤੁਹਾਡੇ ਉਜੜਿਆਂ ਘਰਾਂ ਵਿਚ ਪਰਤ ਕੇ ਆ ਗਏ; ਓਦੋਂ ਮੈਂ ਅੱਠਾਂ ਵਰ੍ਹਿਆਂ ਦਾ ਸਾਂ ਤੇ ਹੁਣ ਅਠੱਤੀਆਂ ਵਰ੍ਹਿਆਂ ਦਾ, ਪਰ ਮੈਂ ਔਖੇ ਤੋਂ ਔਖੇ ਵੇਲੇ ਵੀ ਆਪਣੇ ਪਿਓ ਨੂੰ ਰੋਂਦਿਆਂ ਨਹੀਂ ਵੇਖਿਆ, ਸਿਵਾਏ ਓਸ ਦਿਨ ਦੇ। ਹੁਣ ਤਾਂ ਬੱਸ ਤੇਰੇ ਨਾਂ ਤੇ ਓਹਦੀਆਂ ਅੱਖਾਂ ਭਿੱਜ ਜਾਂਦੀਆਂ ਨੇ।

ਤੇ ਅੱਜ ਮੁਕੇਰੀਆਂ ਦੇ ਕਿਸੇ ਪਿੰਡ ਵਿਚ ਸ਼ਰਨਾਰਥੀ ਟਹਿਲ ਸਿੰਘ ਖ਼ੌਰੇ ਕਿੱਡਾ ਕੁ ਖ਼ੁਸ਼ ਏ? ਤੇ ਖ਼ੌਰੇ ਹੁਣ ਪਾਲਾ ਸਿੰਘ ਮੇਰੇ ਵਾਂਙੂ ਅੱਧੇ ਧੌਲਿਆਂ ਵਾਲੇ ਸਿਰ ਤੇ ਆਪਣੀਆਂ ਰੌਸ਼ਨ ਬਦਾਮੀ ਅੱਖਾਂ ਵਿਚ ਕੋਈ ਖ਼ਾਬ ਰਖਦਾ ਏ ਕਿ ਨਹੀਂ?

ਚਾਚਾ ਟਹਿਲ ਸਿੰਘ ਆਖਦਾ ਹੁੰਦਾ ਸੀ, "ਅਸੀਂ ਸਾਰੇ ਈ ਕਹਾਣੀਆਂ ਆਂ ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ।"

ਤੇ ਚਾਚਾ ਵੇਖ ਲੈ, ਮੈਨੂੰ ਤੇਰੀ ਕਹਾਣੀ ਯਾਦ ਏ, ਤੇ ਮੈਂ ਇਹਨੂੰ ਕਿਸੇ ਦਿਨ ਲਿਖਾਂਗਾ ਵੀ। ਅੱਜ ਤੇ ਚਾਰ ਚੁਫ਼ੇਰੇ ਕਹਾਣੀਆਂ 'ਕੱਠੀਆਂ ਹੋ ਕੇ ਘੇਰਾ ਪਾ ਕੇ ਖਲੋਤੀਆਂ ਨੇ, ਚਾਰ-ਚੁਫ਼ੇਰੇ ਕਿਆਮਤ ਵਾਲਾ ਸ਼ੋਰ ਏ—

ਮੇਰੀਆਂ ਕਹਾਣੀਆਂ ਲਹੂ-ਲੁਹਾਨ ਨੇ। ਉਹਨਾਂ ਦੇ ਸਿਰ ਨੰਗੇ, ਵਾਲ ਖਿੱਲਰੇ ਤੇ ਪਿੰਡੇ ਜ਼ਖ਼ਮੀ ਨੇ। ਮੇਰਿਆਂ ਹੱਥਾਂ ਵਿਚ ਟੁੱਟਾ ਹੋਇਆ ਕਲਮ, ਤੇ ਟੁੱਟਾ ਹੋਇਆ ਠੂਠਾ ਏ, ਜਿਹਦੇ ਵਿਚ ਮੈਂ ਆਪਣੀਆਂ ਕਹਾਣੀਆਂ ਲਈ ਖ਼ੁਸ਼ੀਆਂ ਲੈਣ ਘਰੋਂ ਨਿਕਲਿਆ ਸਾਂ। ਮੇਰੀਆਂ ਅੱਖਾਂ ਵਿਚ ਏਨੇ ਅੱਥਰੂ ਨੇ, ਕਿ ਮੈਂ ਆਪਣਾ ਰਾਹ ਵੀ ਨਹੀਂ ਵੇਖ ਸਕਦਾ। ਆਪਣਾ ਹਾਲ ਵੀ ਮੇਰੀਆਂ ਆਪਣੀਆਂ ਕਹਾਣੀਆਂ ਵਾਲਾ ਏ। ਤੇ ਮੈਂ ਸੋਚਨਾ ਆਂ, ਮੈਂ ਕਿਵੇਂ ਕਹਾਣੀ ਲਿਖਾਂ?

(ਇਹ ਕਹਾਣੀ ਜੋ ਅਗੇ ਵੀ ਛੱਪ ਚੁੱਕੀ ਹੈ। ਹੁਣ ਕਹਾਣੀ ਸੰਗ੍ਰਹਿ 'ਮੁੰਨਾ ਕੋਹ ਲਹੌਰ' (ਪਾਕਿਸਤਾਨੀ ਪੰਜਾਬੀ ਕਹਾਣੀਆਂ) ਵਿਚ ਪ੍ਰਕਾਸ਼ਤ ਹੋਈ ਹੈ। ਇਸ ਪੁਸਤਕ ਦਾ ਲਿਪੀਅੰਤਰ ਤੇ ਸੰਪਾਦਨ ਜਤਿੰਦਰਪਾਲ ਸਿੰਘ ਜੌਲੀ ਦੇ ਨਰਿੰਦਰ ਕੌਰ ਨੇ ਕੀਤਾ ਹੈ। ਪੁਸਤਕ ਸਿੰਘ ਬ੍ਰਦਰਜ਼ ਅੰਮ੍ਰਿਤਸਰ ਨੇ ਛਾਪੀ ਹੈ।)



Sri Satguru Jagjit Singh Ji eLibrary NamdhariElibrary@gmail.com

ਕਹਾਣੀ-ਦਰ-ਕਹਾਣੀ

# ਮੁੜ ਗੁਆਚੀ ਖ਼ੁਸ਼ਬੂ

## —ਜਤਿੰਦਰਪਾਲ ਸਿੰਘ ਜੌਲੀ—

ਅਫ਼ਜ਼ਲ ਅਹਿਸਨ ਰੰਧਾਵਾ ਦਾ ਪਹਿਲਾ ਕਹਾਣੀ ਸੰਗ੍ਰਹਿ "ਰੰਨ, ਤਲਵਾਰ ਤੇ ਘੋੜਾ" ਏਧਰਲੇ ਪੰਜਾਬ ਵਿਚ ੧੯੮੨ ਵਿਚ ਛਪਿਆ। ੧੯੯੦-੯੧ ਵਿਚ ਉਸ ਸੰਗ੍ਰਹਿ ਵਿਚਲੀਆਂ ਕਹਾਣੀਆਂ ਨੂੰ ਲਿਪੀਅੰਤਰ ਕਰਦਿਆਂ ਕਰਦਿਆਂ ਮੈਂ ਇਹ ਮਹਿਸੂਸ ਕੀਤਾ ਕਿ ਦੇਸ-ਵੰਡ ਪੂਰਬਲੇ ਸਾਂਝੇ ਪੰਜਾਬ ਦੇ ਸਭਿਆਚਾਰ ਦੇ ਨਿਵੇਕਲੇਪਨ ਨੂੰ ਪ੍ਰਗਟਾਉਂਦੀਆਂ ਇਹ ਕਹਾਣੀਆਂ ਸਮੂਹ ਪੰਜਾਬੀਆਂ ਦੀ ਅਦਬੀ ਵਿਰਾਸਤ ਹਨ। ਸਮੇਂ ਸਮੇਂ ਇਹ ਕਹਾਣੀਆਂ ਮੈਂ ਪੰਜਾਬੀ 'ਚ ਛਪਦੇ ਸਿਰਮੌਰ ਰਸਾਲਿਆਂ ਤੇ ਅਖ਼ਬਾਰਾਂ 'ਚ ਭੇਜਦਾ ਰਿਹਾ ਜੋ ਖ਼ੂਬ ਚਰਚਾ ਦਾ ਵਿਸ਼ਾ ਬਣਦੀਆਂ ਰਹੀਆਂ।

'ਗੁਆਚੀ ਹੋਈ ਖ਼ੁਸ਼ਬੂ' ਕਹਾਣੀ "ਪੰਜਾਬੀ ਟ੍ਰਿਬਿਊਨ" ਦੇ ਹਫ਼ਤਾਵਾਰੀ ਅੰਕ ਵਿਚ ਛਪੀ। ਸਹਿਵਨ ਹੀ ਉਹ ਕਹਾਣੀ ਮੈਂ ਆਪਣੇ ਘਰ 'ਚ ਰਹਿੰਦੇ ਇਕ ਬਜ਼ੁਰਗ ਸਰਦਾਰ ਨਰੈਣ ਸਿੰਘ ਹੁਰਾਂ ਨੂੰ ਸੁਣਾਈ। ਕਹਾਣੀ ਸੁਣਦਿਆਂ ਹੀ ਕਹਿਣ ਲੱਗੇ : 'ਇਹ ਟਹਿਲ ਸਿੰਘ ਨਾਮਧਾਰੀਆ ਤਾਂ ਨਹੀਂ ?' ਟਹਿਲ ਸਿੰਘ ਉਸ ਕਹਾਣੀ ਦਾ ਮੁੱਖ ਪਾਤਰ ਹੈ। ਮੈਂ ਕਿਹਾ, 'ਬਾਪੂ ਜੀ, ਇਹ ਕਹਾਣੀ ਪਾਕਿਸਤਾਨ ਦੇ ਇਕ ਲੇਖਕ ਨੇ ਲਿਖੀ ਐ। ਇਹ ਨਾਂ ਤਾਂ ਐਵੇਂ ਹੀ ਰਖ ਦੇਂਦੈ ਉਹ ਸਰਦਾਰਾਂ ਵਾਲੇ।'

'ਨਹੀਂ, ਮੈਂ ਇਹਨੂੰ ਜਾਣਨਾ—ਇਹਦਾ ਪੋਤਾ ਦਾਲਮ ਵਿਆਹਿਐ, ਜਿਥੇ ਮੇਰੀ ਧੀ ਰਹਿੰਦੀ ਏ। ਮੈਂ ਤੈਨੂੰ ਇਹਦਾ ਪਤਾ ਲਿਆ ਦੂੰ। ਇਹ ਮੇਰੀ ਭੂਆ ਦਾ ਪੁੱਤ ਭਰਾ ਲੱਗਦੈ-ਮੈਥੋਂ ਵੱਡਾ ਹੈ ੧੦ ਵਰ੍ਹੇ !'

ਇਹ ਗੱਲ ਸੁਣ ਕੇ ਮੈਨੂੰ ਹੋਰ ਵੀ ਹੈਰਾਨੀ ਹੋਈ-- ਕਿਉਂਕਿ ਬਾਪੂ ਨਰੈਣ ਸਿੰਘ ਨੂੰ ਆਪਣੀ ਉਮਰ ਦਾ ਵੀ ਭਾਵੇਂ ਪੱਕਾ ਪਤਾ ਤਾਂ ਨਹੀਂ ਪਰ ਉਹ ਏਨਾ ਦੱਸਦੇ ਨੇ ਕਿ ਜਦੋਂ ਜਰਮਨੀ ਦੀ ਪਹਿਲੀ ਜੰਗ ਲੱਗੀ ਤਾਂ ਮੈਂ ਘਰੋਂ ਨੱਸ ਕੇ ਜੰਗ ਲੜਨ ਗਿਆ ਸਾਂ। ਇਸ ਜੰਗ ਦਾ ਵਾਕਿਆ ੧੯੧੪ ਦਾ ਹੈ ਤੇ ਮੈਂ ਸੋਚਦਾ, ਉਦੋਂ ਬਾਪੂ ੧੮ ਸਾਲਾਂ ਤੋਂ ਘੱਟ ਕੀ ਹੋਊ, ਜਦੋਂ ਅਛੋਪਲੇ ਜਿਹੇ ਪਿੰਡੋਂ ਨੱਸ ਕੇ ਜਰਮਨ ਵਾਲਾ ਵਿਸ਼ਵ-ਯੁੱਧ ਲੜਨ ਜਾ ਪਹੁੰਚਾ। ਇਸ ਹਿਸਾਬ ਨਾਲ ਬਾਪੂ ਦਾ ਜਨਮ ੧੮੯੬ ਦੇ ਆਸ ਪਾਸ ਦਾ ਹੋਵੇਗਾ ਤੇ ਬਾਪੂ ਟਹਿਲ ਸਿੰਘ ਦਾ ੧੮੮੬ ਦਾ। ਮੇਰੇ ਮਨ ਵਿਚ ਇਹਨਾਂ ਬਜ਼ੁਰਗਾਂ ਨੂੰ ਵੇਖਣ ਦੀ ਬੜੀ ਜਗਿਆਸਾ ਜਾਗੀ। ਅਗਲੇ ਹਫ਼ਤੇ ਤਕ ਬਾਪੂ ਨਰੈਣ ਸਿੰਘ ਹੁਰਾਂ ਮੈਨੂੰ ਉਹਨਾਂ ਦਾ ਪਤਾ ਲਿਆ ਦਿੱਤਾ :

ਸ: ਟਹਿਲ ਸਿੰਘ ਰੰਧਾਵਾ, ਸਰਪੰਚ
ਪਿੰਡ ਲਾਡਪੁਰ, ਡਾਕਖ਼ਾਨਾ ਭੰਗਾਲਾ,
ਤਹਿਸੀਲ ਮੁਕੇਰੀਆਂ, ਜ਼ਿਲ੍ਹਾ ਹੁਸ਼ਿਆਰਪੁਰ।

ਕਹਾਣੀ ਵਿਚਲੇ ਹਵਾਲਿਆਂ ਮੁਤਾਬਕ ਟਹਿਲ ਸਿੰਘ ਦੇਸ਼-ਵੰਡ ਉਪਰੰਤ ਸ਼ਰਨਾਰਥੀ ਬਣਿਆ ਕਿਧਰੇ ਮੁਕੇਰੀਆਂ (ਹੁਸ਼ਿਆਰਪੁਰ) ਦੇ ਇਲਾਕੇ ਵਿਚ ਹੀ ਰਹਿ ਰਿਹਾ ਸੀ। ਮੈਂ ਖ਼ਤ ਪਾ ਦਿੱਤਾ। ਮੇਰੀ ਹੈਰਾਨੀ ਭਰੀ ਖ਼ੁਸ਼ੀ ਦੀ ਕੋਈ ਥਾਹ ਨਹੀਂ ਸੀ ਜਦ ਵਾਪਸੀ ਡਾਕ ਟਹਿਲ ਸਿੰਘ ਰੰਧਾਵਾ ਦਾ ਕੰਬਦੇ ਹੱਥਾਂ ਨਾਲ ਲਿਖਿਆ ਗੁਰਮੁਖੀ ਵਿਚ ਨਿਹਾਇਤ ਖ਼ੂਬਸੂਰਤ ਖ਼ਤ ਮੇਰੇ ਤਕ ਆ ਪਹੁੰਚਾ। ਯਕੀਨ ਜਿਹਾ ਈ ਨਾ ਆਵੇ ਕਿ ਇਹ ਰੰਧਾਵੇ ਦੀ ਵਰ੍ਹਿਆਂ ਤੋਂ 'ਗੁਆਚੀ ਹੋਈ ਖ਼ੁਸ਼ਬੂ' ਮੈਨੂੰ ਸੱਚਮੁਚ ਹੀ ਲੱਭ ਪਈ ਹੈ। ਬੜਾ ਵਿਲੱਖਣ ਅਨੁਭਵ ਹੁੰਦਾ ਹੈ ਕਿਸੇ ਕਹਾਣੀ ਦੇ ਪਾਤਰ ਦਾ ਜੀਉਂਦੇ ਜਾਗਦੇ ਤੁਹਾਡੇ ਸਾਹਵੇਂ ਆ ਖਲੋਣਾ। ਮੈਂ ਹਕੀਕਤ ਨੂੰ ਨੇੜਿਓਂ ਤੱਕਣ ਲਈ ਝੱਟ ਪ੍ਰੋਗਰਾਮ ਬਣਾ ਕੇ ਉਨ੍ਹਾਂ ਦੇ ਪਿੰਡ ਨੂੰ ਚਾਲੇ ਪਾ ਦਿੱਤੇ। ਮੁਕੇਰੀਆਂ ਤੋਂ ਭੰਗਾਲੇ ਪਹੁੰਚ ਕੇ ਅਗੋਂ 'ਲਾਡਪੁਰ' ਜਾਣ ਲਈ ਕੋਈ ਸਾਧਨ ਨਾ ਮਿਲਿਆ। ਰਾਹਗੀਰਾਂ ਦੇ ਦੱਸਣ ਮੁਜ਼ਬ-'ਆਹ ਲਾਗੇ ਈ ਆ-ਦੋ ਚਾਰ ਪੈਲੀਆਂ ਲੰਘ ਕੇ'-ਚਲਦਾ ਚਲਦਾ ਮੈਂ ਆਥਣ ਵੇਲੇ ਪੈਦਲ ਹੀ ਉਨ੍ਹਾਂ ਦੇ ਪਿੰਡ ਜਾ ਪਹੁੰਚਾ। ਰਾਹ ਵਿਚ ਹੀ ਸ਼ੋਭਾ ਸੁਣੀ ਕਿ ਜਿਉਂ ਦਾ ਪਿੰਡ ਬੱਝਾ ਹੈ, ਟਹਿਲ ਸਿੰਘ ਰੰਧਾਵਾ ਹੀ ਉਥੋਂ ਦਾ ਸਰਪੰਚ ਰਿਹਾ ਹੈ। ਹੁਣ ਅੱਜ ਕਲ੍ਹ ਉਹਦਾ ਲੜਕਾ ਕਿਰਪਾਲ ਸਿੰਘ ਸਰਪੰਚ ਹੈ।

ਇਹ ਕਿਰਪਾਲ ਸਿੰਘ ਉਹੀ ਪਾਲਾ ਹੈ—ਅਫ਼ਜ਼ਲ ਦਾ ਹਾਣੀ, ਜਿਸਨੂੰ ਬਚਪਨ ਵਿਚ ਟਹਿਲ ਸਿੰਘ ਨੇ ਭੈਣੀ ਸਾਹਿਬ ਦੇ ਮੇਲੇ ਵਿਚ ਬੋਹੜ ਹੇਠਾਂ ਬੈਠੇ ਸਤਿਗੁਰਾਂ ਸਾਹਵੇਂ ਅਫ਼ਜ਼ਲ ਦੇ ਬਰਾਬਰ ਖਲ੍ਹਾਰ ਕੇ ਕਿਹਾ ਸੀ : 'ਇਹ ਦੋਵੇਂ ਮੇਰੇ ਪੁੱਤਰ ਨੇ !' ਪਿੰਡ ਵੱਲ ਵਧਦਿਆਂ ਤੇ ਲੋਕਾਂ ਦੀਆਂ ਗੱਲਾਂ ਸੁਣਦਿਆਂ 'ਗੁਆਚੀ ਹੋਈ ਖ਼ੁਸ਼ਬੂ' ਦੀ ਹਰ ਸਤਰ ਮੇਰੀਆਂ ਅੱਖਾਂ ਅੱਗੇ ਘੁੰਮ ਰਹੀ ਸੀ।

ਪਿੰਡ ਦੇ ਬਾਹਰਵਾਰ ਵੱਡੀ ਸਾਰੀ ਹਵੇਲੀ ਦਾ ਚੌੜਾ ਲੱਕੜ ਦੀ ਨੱਕਾਸ਼ੀ ਵਾਲਾ ਬੂਹਾ ਲੰਘ ਤੇ ਦਲਾਨ 'ਚ ਰੰਗੀਨ ਪਾਵਿਆਂ ਵਾਲੇ ਭਾਰੀ ਭਰਕਮ ਮੰਜੇ ਉਪਰ ਬਾਪੂ ਟਹਿਲ ਸਿੰਘ ਬੈਠਾ ਮਾਲਾ ਫੇਰਦਾ ਮਿਲਿਆ। ਮੇਰੇ ਖ਼ਤ ਦੀ ਸੋਅ ਹੈ ਸੀ ਉਨ੍ਹਾਂ ਨੂੰ, ਇਸ ਲਈ ਆਪਣਾ ਤੁਆਰੁਫ਼


Sri Satguru Jagjit Singh Ji eLibrary NamdhariElibrary@gmail.com

ਕਰਾਉਣ ਦੀ ਲੋੜ ਵੀ ਨਾ ਪਈ। ਖਾਉ-ਪੀਉ ਦਾ ਵੇਲਾ ਸੀ। ਸਾਰਾ ਪਰਿਵਾਰ ਮੋਹ ਭਿੱਜੀਆਂ ਸੁਆਗਤੀ ਨਜ਼ਰਾਂ ਨਾਲ ਮੇਰੇ ਆਸ-ਪਾਸ ਮੰਡਰਾ ਰਿਹਾ ਸੀ : ਰੋਟੀ-ਪਾਣੀਓਂ ਫਾਰਗ ਹੋ ਕੇ ਸਾਰਾ ਟੱਬਰ ਮੇਰੇ ਦੁਆਲੇ ਇਉਂ ਆ ਜੁੜਿਆ ਜਿਵੇਂ ਬੱਚੇ ਧੂਣੀ ਦੁਆਲੇ ਨਾਨੀ ਦੀਆਂ ਬਾਤਾਂ ਸੁਣਨ ਜੁੜ ਜਾਂਦੇ ਨੇ।

ਸਭ ਤੋਂ ਪਹਿਲਾਂ ਤਾਂ ਟਹਿਲ ਸਿੰਘ ਰੰਧਾਵਾ ਹੁਰਾਂ ਬੜੇ ਵਿਸਥਾਰ ਨਾਲ ਮੈਥੋਂ ਅਫ਼ਜ਼ਲ ਬਾਰੇ ਪੁੱਛਿਆ ਕਿ ਤੂੰ ਉਸ ਨੂੰ ਕਿਵੇਂ ਜਾਣਦੈਂ ? ਇਹ ਕਹਾਣੀਆਂ ਤੂੰ ਕਿਥੋਂ ਲਈਆਂ ਨੇ ? ਮੇਰਾ ਭਰਾਤਾ ਨਰੈਣ ਸਿੰਘ ਤੈਨੂੰ ਕਿੱਥੇ ਮਿਲ ਪਿਆ ? ਕੀ ਤੂੰ ਅਫ਼ਜ਼ਲ ਨੂੰ ਮਿਲਿਐਂ ਕਦੇ ? ਅਨੇਕਾਂ ਸੁਆਲਾਂ ਦੇ ਜੁਆਬ ਦੇਂਦਿਆਂ ਮੈਂ ਉਨ੍ਹਾਂ ਨੂੰ ਦਸਿਆ ਕਿ ਮੈਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਐਮ. ਏ. (ਪੰਜਾਬੀ) ਕਰ ਰਿਹਾਂ। ਡਾ: ਕਰਨੈਲ ਸਿੰਘ ਥਿੰਦ ਮੇਰੇ ਪ੍ਰੋਫੈਸਰ ਨੇ, ਜਿਹੜੇ ਅਫ਼ਜ਼ਲ ਦੇ ਬੜੇ ਮਿੱਤਰ ਨੇ। ਉਹ ਪਾਕਿਸਤਾਨ ਅਕਸਰ ਜਾਂਦੇ ਰਹਿੰਦੇ ਨੇ। ਉਹੀ ਅਫ਼ਜ਼ਲ ਅਹਿਸਨ ਦੀਆਂ ਕਿਤਾਬਾਂ ਵੀ ਏਧਰ ਲਿਆਏ ਸਨ। ਮੈਂ ਉਨ੍ਹਾਂ ਨੂੰ ਗੁਰਮੁਖੀ ਵਿਚ ਕਰਕੇ ਇਧਰਲੇ ਪਾਠਕਾਂ ਲਈ ਛਪਵਾ ਦੇਨਾਂ। 'ਦੀਵਾ ਤੇ ਦਰਿਆ' ਅਤੇ 'ਦੁਆਬਾ' ਨਾਵਲ ਵੀ ਮੈਂ ਨਾਲ ਲੈ ਗਿਆ ਸਾਂ ਤੇ 'ਰੰਨ, ਤਲਵਾਰ ਤੇ ਘੋੜਾ' ਵੀ। ਸਾਰੀ ਰਾਤ ਬੈਠੇ ਅਸੀਂ ਖ਼ੂਬ ਗੱਲਾਂ ਕਰਦੇ ਰਹੇ। 'ਰੰਨ, ਤਲਵਾਰ ਤੇ ਘੋੜਾ' ਦੀਆਂ ਤਕਰੀਬਨ ਸਾਰੀਆਂ ਹੀ ਕਹਾਣੀਆਂ ਮੈਂ ਉਨ੍ਹਾਂ ਨੂੰ ਸੁਣਾ ਦਿੱਤੀਆਂ।

'ਗੁਆਚੀ ਹੋਈ ਖ਼ੁਸ਼ਬੂ' ਦੇ ਪਾਤਰ, ਜਿਥੇ ਉਹ ਆਪ ਹੀ ਸਨ, ਉਥੇ 'ਰੰਡੀ' ਵਿਚਲਾ ਸੁਲੱਖਣ, 'ਬੇੜੀਆਂ' ਵਾਲਾ ਰਘਬੀਰ, 'ਹੱਕਦਾਰ' ਦਾ ਬਹਾਦਰ ਸਿੰਘ, 'ਜੰਨਤੀ' ਵਿਚਲਾ ਮੁਰਾਦੀ ਬਲੋਚ, ਰਹਿਮਤਾ, ਅਹਿਮਦ ਤੇ ਹੋਰ ਅਨੇਕਾਂ ਹੀ ਪਾਤਰ ਉਨ੍ਹਾਂ ਦੇ ਜਾਣੇ ਪਛਾਣੇ ਸਨ। ਮੈਂ ਜਿਉਂ ਜਿਉਂ ਕਹਾਣੀਆਂ ਪੜ੍ਹਦਾ ਜਾਂਦਾ, ਉਹ ਤਿਉਂ ਤਿਉਂ ਉਧੜਦੇ ਜਾਂਦੇ। ਕਦੇ ਗੱਲ ਪਿੰਡ ਕਿਆਮਪੁਰ ਤੇ ਜਾ ਪਹੁੰਚਦੀ, ਜਿਥੇ ਉਹ ਦੇਸ਼-ਵੰਡ ਤੋਂ ਪਹਿਲਾਂ ਅਫ਼ਜ਼ਲ ਹੁਰਾਂ ਦੇ ਪਰਿਵਾਰ ਨਾਲ ਇਕੱਠੇ ਵੱਸਦੇ ਸਨ। ਕਦੇ ਪਿੰਡ ਸਦੇਅ-ਮਦੇਅ ਦਾ ਜ਼ਿਕਰ ਆਉਂਦਾ ਤੇ ਕਦੇ ਅਫ਼ਜ਼ਲ ਦੇ ਪਿਤਾ ਚੌਧਰੀ ਮੁਹੰਮਦ ਸਰਫ਼ਰਾਜ਼ ਖ਼ਾਂ ਰੰਧਾਵਾ ਦਾ-ਜਿਸ ਦੀ ਪੂਰੇ ਇਲਾਕੇ ਵਿਚ ਡਾਹਢੀ ਧੁੰਮ ਸੀ। ਟਹਿਲ ਸਿੰਘ ਰੰਧਾਵਾ ਤੇ ਸਰਫ਼ਰਾਜ਼ ਖ਼ਾਂ ਰੰਧਾਵਾ ਪੱਗ-ਵੱਟ ਭਰਾ ਸਨ। ਇਸੇ ਲਈ ਅਫ਼ਜ਼ਲ ਆਪਣੀ 'ਗੁਆਚੀ ਹੋਈ ਖ਼ੁਸ਼ਬੂ' ਵਿਚ ਉਸ ਵਿੱਛੜ ਗਏ ਚਾਚੇ ਨੂੰ ਲੱਭਦਾ ਫਾਵਾ ਹੋ ਰਿਹਾ ਸੀ, ਜਿਸਨੂੰ ਦੇਸ਼-ਵੰਡ ਨੇ ਜਲਾਵਤਨ ਹੋਣ ਤੇ ਮਜਬੂਰ ਕਰ ਦਿੱਤਾ ਸੀ। ਅਫ਼ਜ਼ਲ ਹੁਰਾਂ ਨੂੰ ਕੋਈ ਸੁਰ ਪਤਾ ਨਹੀਂ ਸੀ ਕਿ ਉਹ ਟੱਬਰ ਜੋ ਉਨ੍ਹਾਂ ਦੇ ਸਾਹਵਾਂ ਨਾਲ ਜੀਉਂਦਾ ਸੀ-ਅੱਜ ਕਿਥੇ ਸੀ ? ਕਿਸ ਹਾਲ ਵਿਚ ਸੀ ? ਪਰ 'ਹਿੰਮਤੇ ਮਰਦਾਂ, ਮਦਦੇ ਖ਼ੁਦਾ' ਦੇ ਅਖਾਣ ਵਾਂਙ ਟਹਿਲ ਸਿੰਘ ਹੁਰਾਂ ਦੇ ਟੱਬਰ ਨੇ ਉਜਾੜੇ ਦਾ ਸੰਤਾਪ ਹੰਢਾਉਣ ਉਪਰੰਤ ਵੀ ਆਪਣੀ ਹਿੰਮਤ, ਨੇਕੀ, ਇਮਾਨਦਾਰੀ ਅਤੇ ਆਪਸੀ ਸਹਿਯੋਗ ਦੇ ਸਿਰ ਤੇ ਨਾ ਸਿਰਫ਼ ਆਪਣੀ ਗੁਆਚੀ ਆਨ ਤੇ ਸ਼ਾਨ ਨੂੰ ਮੁੜ ਬਹਾਲ ਕੀਤਾ ਸੀ ਸਗੋਂ ਮੁਕੇਰੀਆਂ ਦੇ ਇਲਾਕੇ ਵਿਚ ਪਿੰਡ 'ਲਾਡਪੁਰ' ਵਸਾ ਕੇ ਉਹਦੀ ਚੰਗੀ ਠੁੱਕ ਵੀ ਬੰਨ੍ਹੀ ਸੀ। ਆਸ-ਪਾਸ ਪਿੰਡਾਂ ਦੇ ਲੋਕ ਹਰ ਤਰ੍ਹਾਂ ਦੇ ਮਿਲਵਰਤਣ ਤੇ ਮੁਸ਼ਕਲਾਂ ਦੇ ਹੱਲ ਲਈ ਉਨ੍ਹਾਂ ਕੋਲ ਪੁੱਜਦੇ। ਇਸ ਪਿੰਡ ਦਾ ਦਾਅਵਾ ਹੈ ਕਿ ਅੱਜ ਤਕ ਉਨ੍ਹਾਂ ਦਾ ਕੋਈ ਝਗੜਾ ਥਾਣੇ ਜਾਂ ਕਚਹਿਰੀ ਨਹੀਂ ਪੁਜਾ। ਬਾਪੂ ਟਹਿਲ ਸਿੰਘ ਪਿੰਡ ਦਾ ਇਕੋ ਇੱਕ ਮੁਨਸਿਫ਼, ਜੋ ਕਹਿ ਦੇਵੇ ਉਹ ਫੈਸਲਾ ਅਟੱਲ ਹੁੰਦਾ ਹੈ। ਉਹਦੀ ਆਪਣੀ ਔਲਾਦ ਬੜੀ ਹੀ ਅਦਬ ਨਿਵਾਜ਼, ਨੇਮੀ, ਪ੍ਰੇਮੀ ਤੇ ਸਾਊ ਕਿ ਮਿਲ ਕੇ ਵਿਅਕਤੀ ਗੱਦ ਗੱਦ ਹੋ ਉੱਠਦਾ ਹੈ। ਅਜਿਹੇ ਪਰਿਵਾਰ ਦਾ ਲੱਭ ਜਾਣਾ ਮੇਰੇ ਲਈ ਅਹਿਮ ਪ੍ਰਾਪਤੀ ਸੀ, ਜਿਨ੍ਹਾਂ ਤੁਰਨ ਵੇਲੇ ਮੈਥੋਂ ਰੰਧਾਵੇ ਦੀਆਂ ਕਿਤਾਬਾਂ ਲੈਂਦਿਆਂ ਆਖਿਆ ਸੀ, "ਇਹ ਕਹਾਣੀਆਂ ਨਹੀਂ ਤੂੰ ਸਾਨੂੰ ਸਾਡਾ ਗੁਆਚਾ ਵਿਰਸਾ ਮੋੜ ਚੱਲਿਆ ਏਂ।"

ਮੈਂ ਤੁਰੰਤ ਅਫ਼ਜ਼ਲ ਅਹਿਸਨ ਨੂੰ ਪਾਕਿਸਤਾਨ ਖ਼ਤ ਘੱਲਿਆ। ਉਹਨੀਂ ਦਿਨੀਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੋਂ ਲਾਹੌਰ ਜਾਣ ਲਈ 'ਸਮਝੌਤਾ ਐਕਸਪ੍ਰੈਸ' ਨਵੀਂ ਨਵੀਂ ਹੀ ਸ਼ੁਰੂ ਹੋਈ ਸੀ। ਰੋਜ਼ਾਨਾ ਸੈਂਕੜੇ ਯਾਤਰੂ ਭਾਰਤ ਦੇ ਵੱਖ ਵੱਖ ਕੋਨਿਆਂ ਤੋਂ ਆ ਕੇ ਉਸ ਗੱਡੀ ਰਾਹੀਂ ਪਾਕਿਸਤਾਨ ਜਾਂਦੇ ਤੇ ਇਵੇਂ ਹੀ ਸ਼ਾਮ ਨੂੰ ਉਹ ਗੱਡੀ ਕਈ ਪਾਕਿਸਤਾਨੀਆਂ ਨੂੰ ਹਿੰਦੁਸਤਾਨ ਪਹੁੰਚਾ ਜਾਂਦੀ। ਇਸ ਗੱਡੀ ਨੇ ਮੇਰਾ ਕੰਮ ਬੜਾ ਸੌਖਾ ਕੀਤਾ ਹੋਇਆ ਸੀ। ਸਟੇਸ਼ਨ ਤੇ ਜਾਣਾ-ਹਰੇ ਰੰਗ ਦੀ ਗੱਡੀ ਦੂਰੋਂ ਹੀ ਲੱਭ ਜਾਣੀ। ਕਿਸੇ ਪੜ੍ਹੇ ਲਿਖੇ ਸੱਜਣ ਦੇ ਹਵਾਲੇ ਕੁਝ ਖ਼ਤ ਕਰ ਦੇਣੇ, ਜੋ ਉਸ ਲਾਹੌਰ ਜਾ ਕੇ ਪੋਸਟ ਕਰ ਦੇਣੇ ਤੇ ਅਗਲੇ ਦਿਨ ਉਹ ਮੇਰੇ ਮਿੱਤਰਾਂ ਨੂੰ ਮਿਲ ਜਾਣੇ। ਪਾਕਿਸਤਾਨੀ ਟਿਕਟਾਂ ਹੋਣੀਆਂ ਤੇ ਲਾ ਦੇਣੀਆਂ ਨਹੀਂ ਤੇ ਬਰੰਗ ਹੀ ਸਹੀ। ਇਵੇਂ ਹੀ ਉਧਰੋਂ ਤੀਜੇ ਚੌਥੇ ਦਿਨ ਜੁਆਬ ਮੁੜ ਆਉਣਾ। 'ਹਿੰਗ ਲਗੇ ਨਾ ਫਟਕੜੀ ਤੇ ਰੰਗ ਵੀ ਚੋਖਾ।' ਉਂਞ ਤਾਂ ਟਿਕਟਾਂ ਵੀ



Sri Satguru Jagjit Singh Ji eLibrary NamdhariElibrary@gmail.com

ਬਹੁਤੀਆਂ ਲੱਗਦੀਆਂ ਸੀ ਹਵਾਈ ਡਾਕ ਰਾਹੀਂ। ਫੇਰ ਚਿੱਠੀ ਪਹਿਲਾਂ ਅੰਮ੍ਰਿਤਸਰੋਂ ਦਿੱਲੀ ਜਾਣੀ ਫਿਰ ਦਿੱਲੀਓਂ ਸੈਂਸਰ ਹੋ ਕੇ ਕਰਾਚੀ ਤੇ ਫਿਰ ਕਰਾਚੀਓਂ ਰੁਲਦੀ ਖੁਲਦੀ ਲਾਹੌਰ। ੬੦-੭੦ ਕਿਲੋਮੀਟਰ ਦਾ ਸਫਰ ਤੈਅ ਕਰਦਿਆਂ ੧੬-੧੭ ਦਿਨ ਸਹਿਜੇ ਹੀ ਲੱਗ ਜਾਣੇ। ਸੋ ਇਹ ਸੌਖਾ ਢੰਗ ਸੀ 'ਸਮਝੌਤਾ ਐਕਸਪ੍ਰੈਸ।'

ਰੰਧਾਵਾ ਸਾਹਿਬ ਨੂੰ ਜਦ ਇਹ ਖ਼ਬਰ ਮਿਲੀ ਕਿ ਉਨ੍ਹਾਂ ਦੇ ਚਾਚੇ ਦਾ ਗੁਆਚਾ ਹੋਇਆ ਟੱਬਰ ਮੈਂ ਲੱਭ ਲਿਐ ਤਾ ਉਹਨਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਉਨ੍ਹਾਂ ਤੁਰੰਤ ਖਤ ਦੇ ਜੁਆਬ ਵਿਚ ਲਿਖਿਆ ਹੈ ਕਿ ਮੈਂ ਉਨ੍ਹਾਂ ਦੇ ਚਾਚੇ ਦੀਆਂ ਤਸਵੀਰਾਂ ਘੱਲਾਂ, ਆਵਾਜ਼ ਟੇਪ ਕਰਕੇ ਘੱਲਾਂ, ਉਨ੍ਹਾਂ ਦੀਆਂ ਯਾਦਾਂ ਨੂੰ ਪੁਨਰ ਸੁਰਜੀਤ ਕਰਾਂ। ਤੇ ਮੈਂ ਇਵੇਂ ਹੀ ਕਰਦਾ ਰਿਹਾ। ਥੋੜ੍ਹੇ ਜਿਹੇ ਅਰਸੇ ਵਿਚ ਹੀ ਅਸੀਂ ਕਿੰਨੇ ਸਾਰੇ ਖ਼ਤ ਵਟਾਏ। ਅੰਤ ਇਕ ਦਿਨ ਇਹ ਤੈਅ ਹੋਇਆ ਕਿ ਵਾਘਾ ਬਾਰਡਰ ਉੱਤੇ ਸ਼ਾਮ ਨੂੰ ਝੰਡਾ ਉਤਾਰਨ ਦੀ ਰਸਮ ਹੁੰਦੀ ਹੈ, ਉਸ ਫ਼ੌਜੀ ਰਸਮ ਦੀ ਠਾਠ-ਬਾਠ ਵੇਖਣ ਅਕਸਰ ਦੋਹਾਂ ਮੁਲਕਾਂ ਦੇ ਲੋਕ ਵਾਘੇ ਪਹੁੰਚਦੇ ਨੇ, ਸੋ ਉੱਥੇ ਪੁੱਜ ਕੇ ਆਹਮੋ-ਸਾਹਮਣੇ ਮਿਲਿਆ ਜਾਵੇ। ਦਿਨ ਤੈਅ ਹੋ ਗਿਆ। ਮੈਂ ਚਾਚਾ ਟਹਿਲ ਸਿੰਘ ਰੰਧਾਵਾ, ਉਨ੍ਹਾਂ ਦੇ ਸਪੁੱਤਰ ਕਿਰਪਾਲ ਸਿੰਘ ਰੰਧਾਵਾ, ਪੋਤਰੇ ਤੀਰਥ ਸਿੰਘ ਤੇ ਸੁਲੱਖਣ ਸਿੰਘ ਐਡਵੋਕੇਟ ਨੂੰ ਨਾਲ ਲੈ ਵਾਘੇ ਜਾ ਪਹੁੰਚਾ। ਉਧਰ ਅਫ਼ਜ਼ਲ ਹੁਰੀਂ ਵੀ ਆਪਣੇ ਵੱਡੇ ਭਰਾ ਅਸਲਮ ਅਤੇ ਅੱਬਾ ਚੌਧਰੀ ਸਰਫ਼ਰਾਜ਼ ਖ਼ਾਂ ਰੰਧਾਵਾ ਹੁਰਾਂ ਸੰਗ ਆ ਪਹੁੰਚੇ।

ਦੂਰ ਪੱਛਮ ਦੇ ਖੇਤਾਂ 'ਚ ਸਰਕੰਡਿਆਂ ਓਹਲੇ ਸ਼ਾਮ ਦਾ ਸੂਰਜ ਢਲ ਰਿਹਾ ਸੀ। ਦੂਰੋਂ ਦੂਰੋਂ ਆਏ ਲੋਕ ਫ਼ੌਜੀ ਪਰੇਡ ਵੇਖਣ ਲਈ ਬਾਰਡਰ ਵੱਲ ਵਧ ਰਹੇ ਸਨ। ਉਨ੍ਹਾਂ ਵਿਚ ਛੁਹਲੇ ਕਦਮੀਂ ਤੁਰਦੇ ਬਜ਼ੁਰਗ ਟਹਿਲ ਸਿੰਘ ਤੇ ਉਨ੍ਹਾਂ ਦਾ ਪਰਿਵਾਰ ਜਿਵੇਂ ਆਪਣੀਆਂ ਅੱਖਾਂ ਦੀ ਗੁਆਚੀ ਹੋਈ ਰੁਸ਼ਨਾਈ ਭਾਲਣ ਜਾ ਰਿਹਾ ਸੀ। ਨੋ ਮੈਨਜ਼ ਲੈਂਡ ਤੋਂ ਪਹਿਲਾਂ ਤਕਰੀਬਨ ਇਕ ਕਿਲੋਮੀਟਰ ਦਾ ਟੋਟਾ ਪੈਦਲ ਤੁਰਕੇ ਜਾਣਾ ਪੈਂਦਾ ਸੀ। ਜਿਸ ਤੇ ਵਾਹੋ ਦਾਹੀਂ ਅਸੀਂ ਵਧਦੇ ਜਾ ਰਹੇ ਸਾਂ। ਸਾਡੇ ਪਹੁੰਚਦੇ ਪਹੁੰਚਦੇ ਉਸ ਗੇਟ ਤੋਂ ਉਰਾਂਹ ਕਾਫੀ ਭੀੜ ਜਮ੍ਹਾਂ ਹੋ ਚੁੱਕੀ ਸੀ, ਜਿਸ ਉਪਰ 'ਭਾਰਤ' ਹਿੰਦੀ ਵਿਚ ਤੇ ਅੰਗਰੇਜ਼ੀ 'ਚ INDIA ਉੱਕਰਿਆ ਹੋਇਆ ਸੀ। ਸਾਹਮਣੇ ਪਾਸੇ ਕੁਝ ਕਦਮਾਂ ਦੀ ਵਿੱਥ ਤੇ ਹਰੇ ਰੰਗ ਦਾ ਇਕ ਹੋਰ ਲੋਹੇ ਦਾ ਗੇਟ ਸੀ, ਜਿਸ ਉਪਰ ਉਰਦੂ ਤੇ ਅੰਗਰੇਜ਼ੀ ਵਿਚ 'ਪਾਕਿਸਤਾਨ' ਉੱਕਰਿਆ ਹੋਇਆ ਸੀ। ਉਸ ਤੋਂ ਰਤਾ ਵਿੱਥ ਤੇ ਪਾਕਿਸਤਾਨੀ ਲੋਕ ਚੋਖੀ ਗਿਣਤੀ ਵਿਚ ਖੜੇ ਸਨ। ਦਿਨ ਸ਼ੁਕਰਵਾਰ ਦਾ ਸੀ। ਜੁੰਮੇ ਵਾਲੇ ਦਿਨ ਦੋਹੀਂ ਪਾਸੀਂ ਆਮ ਨਾਲੋਂ ਜ਼ਿਆਦਾ ਭੀੜ ਹੁੰਦੀ ਹੈ।

ਰੋਜ਼ਮਰਾ ਵਾਂਙ ਫ਼ੌਜੀ ਜਵਾਨਾਂ ਨੇ ਆਪਣੇ ਕਮਾਂਡਰ ਦੀ ਆਵਾਜ਼ ਤੇ ਲਾਈਨ 'ਚ ਲੱਗ ਕੇ ਪਹਿਲਾਂ ਆਪਣੀਆਂ ਬੰਦੂਕਾਂ ਸੰਭਾਲੀਆਂ ਤੇ ਫਿਰ ਸਵਾ ਛੇ-ਛੇ ਫੁੱਟੇ ਜਵਾਨ ਆਪਣੀ ਅੱਡੀ ਦੀ ਧਮਕ ਨਾਲ ਭੋਇੰ ਹਿਲਾਉਂਦੇ ਪਰੇਡ ਕਰਨ ਲੱਗੇ। ਨਿਸ਼ਚਿਤ ਸਮੇਂ ਮੂਜਬ ਉਧਰ ਜਦ ਸੂਰਜ ਅਸਤ ਹੋ ਰਿਹਾ ਸੀ, ਦੋਹਾਂ ਮੁਲਕਾਂ ਦੇ ਝੰਡੇ ਦੋ ਦੋ ਜੁਆਨਾਂ ਰਾਹੀਂ ਬੜੇ ਸਲੀਕੇ ਨਾਲ, ਬਿਗਲ ਦੀ ਮਧੁਰ ਪਰ ਤਿਖੇਰੀ ਧੁਨ ਤੇ ਹੇਠਾਂ ਵੱਲ ਨੂੰ ਸਰਕਾਏ ਜਾ ਰਹੇ ਸਨ। ਭਾਰਤੀ ਝੰਡੇ ਦੀ ਸੂਤਰੀ ਰੱਸੀ ਫੜੀ ਜਵਾਨ, ਪਾਕਿਸਤਾਨ ਦੀ ਹੱਦ ਵਿਚ ਦਾਖਲ ਹੋ ਗਿਆ ਸੀ ਤੇ ਪਾਕਿਸਤਾਨੀ ਝੰਡੇ ਦੀ ਰੱਸੀ ਫੜੀ ਜੁਆਨ, ਭਾਰਤੀ ਹੱਦ ਵਿਚ। ਦੋਹਾਂ ਦੇ ਹੱਥਾਂ ਵਿਚ ਫੜੀਆਂ ਰੱਸੀਆਂ ਇਕ ਦੂਜੀ ਕੋਲੋਂ ਲੰਘਦੀਆਂ ਕਾਟੇ ਦਾ ਨਿਸ਼ਾਨ ਬਣਾ ਰਹੀਆਂ ਸਨ। ਬਿਗਲ ਦੀ ਨਿਰੰਤਰ ਸੁਰ ਨਾਲ ਸਰਕਦਿਆਂ, ਬੜੇ ਤਾਲ ਵਿਚ ਮਟਕਦੇ ਦੋਵੇਂ ਮੁਲਕਾਂ ਦੇ ਝੰਡੇ ਜਦ ਇਕ ਦੂਜੇ ਕੋਲੋਂ ਖਹਿ ਕੇ ਲੰਘੇ ਤਾਂ ਇਉਂ ਜਾਪਦਾ ਸੀ ਜਿਵੇਂ ਦੋਹਾਂ ਮੁਲਕਾਂ ਦੇ ਲੋਕਾਂ ਵਾਂਙ ਉਹ ਵੀ ਗਲ ਲੱਗਣ ਨੂੰ ਤਰਸ ਰਹੇ ਹੋਣ। ਰਤਾ ਕੁ ਹਵਾ ਦੇ ਬੁੱਲ੍ਹੇ ਨਾਲ ਲਹਿਰਾ ਕੇ ਜਦੋਂ ਚੰਨ ਤਾਰੇ ਵਾਲਾ ਹਰਾ ਚਿੱਟਾ ਝੰਡਾ, ਤਿਰੰਗੇ ਦੇ ਅਗਲੇ ਸਿਰੇ 'ਤੇ ਛੋਹਿਆ ਤਾਂ ਉਹ ਮਖ਼ਮਲੀ ਛੁਹ ਜਿਵੇਂ ਮੇਰੇ ਰੋਮ ਰੋਮ 'ਚ ਵਸ ਗਈ। ਬਾਰਡਰ ਉਪਰ ਕੈਮਰੇ ਨਾਲ ਤਾਂ ਫ਼ੋਟੋ ਖਿੱਚਣ ਦੀ ਮਨਾਹੀ ਸੀ ਪਰ ਮੈਂ ਆਪਣੀਆਂ ਅੱਖਾਂ ਰਾਹੀਂ ਜੋ ਤਸਵੀਰ ਆਪਣੇ ਮਨ ਵਿਚ ਉਤਾਰ ਲਈ ਸੀ, ਉਸਨੂੰ ਮੈਥੋਂ ਕੌਣ ਖੋਹ ਸਕਦਾ ਸੀ।

ਰਸਮ ਪੂਰਤੀ ਉਪਰੰਤ ਦੋਵਾਂ ਮੁਲਕਾਂ ਦੇ ਗੇਟ ਤਾਂ ਭਾਵੇਂ ਬੰਦ ਕਰ ਦਿੱਤੇ ਜਾਂਦੇ ਨੇ ਪਰ ਗੇਟਾਂ ਤੋਂ ਸੌ ਕੁ ਗਜ਼ ਦੀ ਵਿੱਥ ਤੇ ਖੜੇ ਲੋਕਾਂ ਨੂੰ ਗੇਟ ਦੇ ਕੋਲ ਆਉਣ ਦੀ ਇਜਾਜ਼ਤ ਹੁੰਦੀ ਏ ਕੁਝ ਪਲਾਂ ਲਈ। ਦੋਹਾਂ ਮੁਲਕਾਂ ਦੇ ਬਾਸ਼ਿੰਦੇ ਧਾਹ ਕੇ ਆਪੋ ਆਪਣੇ ਗੇਟਾਂ ਕੋਲ ਪਹੁੰਚ ਗਏ ਸਨ। ਵਿਚਕਾਰ 'ਨੋ-ਮੈਨਜ਼ ਲੈਂਡ' ਦੀ ਵਿੱਥ ਸੀ, ਮਸਾਂ ਹੀ ਪੰਜ ਛੇ ਫ਼ੁੱਟ ਦੀ ਵਿੱਥ। ਤੇ ਦਿਲਾਂ ਵਿਚ ਦੂਰੀ ਏਨੀ ਕਿ ਤੁਹਾਨੂੰ ਸਾਹਮਣੇ ਖੜੇ ਵਿਅਕਤੀਆਂ ਨੂੰ ਹੱਥ ਹਿਲਾਉਣ ਤੇ ਸ਼ੁਭ ਇਛਾਵਾਂ ਵਟਾਉਣ ਦੀ ਇਜਾਜ਼ਤ ਨਹੀਂ ਸੀ। ਇਕ ਪਾਸੇ ਅਫ਼ਜ਼ਲ ਰੰਧਾਵੇ ਹੁਰਾਂ ਦਾ ਟੱਬਰ ਖੜਾ ਸੀ ਤੇ ਦੂਜੇ ਪਾਸੇ ਟਹਿਲ ਸਿੰਘ ਰੰਧਾਵੇ ਹੁਰਾਂ ਦਾ। ਚੌਧਰੀ ਸਰਫ਼ਰਾਜ਼ ਤੇ ਟਹਿਲ ਸਿੰਘ ਦੇ ਨੈਣ ਗੜਾ-ਗੜ ਹੋਏ ਪਏ ਸਨ। ਇਕ ਪਾਸੇ ਤੇ ਦੂਜੇ ਪਾਸੇ ਛੇ ਫੁੱਟ ਦੋ ਇੰਚ ਲੰਮਾ ਜੁਆਨ ਅਫ਼ਜ਼ਲ


Sri Satguru Jagjit Singh Ji eLibrary NamdhariElibrary@gmail.com

ਆਪਣੇ ਹੀ ਜਿੱਡੇ ਜੁਆਨ ਪਾਲੇ ਦੀਆਂ ਅੱਖਾਂ 'ਚ ਅੱਖਾਂ ਪਾ ਕੇ ਰੋਈ ਜਾ ਰਿਹਾ ਸੀ। ਪਤਾ ਨਹੀਂ ਕਿਸ ਕਿਸ ਨੇ ਉਨ੍ਹਾਂ ਦੀਆਂ ਬੱਗੀਆਂ ਦਾਹੜੀਆਂ 'ਚ ਹੰਝੂ ਜੀਰਦੇ ਵੇਖੇ ਹੋਣਗੇ ਤੇ ਕੌਣ ਕੌਣ ਉਨ੍ਹਾਂ ਦੇ ਦਿਲਾਂ ਚੋਂ ਉਠਦੀ ਹੂਕ ਹੂਕ ਨੂੰ ਸੁਣ ਸਕਿਆ ਹੋਵੇਗਾ ਪਰ ਮੈਨੂੰ ਪ੍ਰੋ: ਪੂਰਨ ਸਿੰਘ ਦੀਆਂ ਉਹ ਸਤਰਾਂ ਉਸ ਵੇਲੇ ਦਾ ਸਭ ਤੋਂ ਵੱਡਾ ਸੱਚ ਜਾਪ ਰਹੀਆਂ ਸਨ ਕਿ —

ਮੁੜ ਮੁੜ ਜੀ ਮੇਰਾ ਲੋਚੇ ਪਸ਼ੂ ਥੀਣ ਨੂੰ
ਮੈਂ ਆਦਮੀ ਬਣ ਬਣ ਥੱਕਿਆ।

ਸਾਥੋਂ ਕਿਤੇ ਚੰਗੇ ਸਨ ਉਹ ਜਨੌਰ ਜਿਹੜੇ ਹਜ਼ਾਰਾਂ ਰੰਧਾਵਿਆਂ ਦੀਆਂ ਚੀਸਾਂ ਆਪਣੇ ਪਰਾਂ 'ਚ ਸਮੇਟ ਕੇ ਸਰਹੱਦ ਦੇ ਦੋਹੀਂ ਬੰਨੀ ਬੇਖੌਫ਼ ਉਡਾਣਾਂ ਭਰ ਰਹੇ ਸਨ। ਸਮਾਂ ਹੁੰਦਾ ਈ ਕਿੰਨਾ ਕੁ ਏ ਉਥੇ ਖਲੋਣ ਲਈ, ਚਾਰ ਜਾਂ ਪੰਜ ਮਿੰਟ। ਤੇ ਚਾਰ ਦਹਾਕੇ ਪਹਿਲਾਂ ਵਿਛੜਿਆਂ ਲਈ ਉਹ ਸਮਾਂ ਕੀ ਮਾਅਨੇ ਰੱਖਦਾ ਸੀ। ਉਨ੍ਹਾਂ ਤਾਂ ਮਸਾਂ ਝੁਰੜੀਆਂ ਭਰੇ ਚਿਹਰਿਆਂ, ਧੌਲੇ ਵਾਲਾਂ ਤੇ ਹੰਝੂ ਭਿੱਜੀਆਂ ਅੱਖਾਂ ਨਾਲ ਨਕਸ਼ ਹੀ ਪਛਾਣੇ ਹੋਣਗੇ, ਉਨੇ ਚਿਰ ਵਿਚ ਕਿ ਗੇਟ ਤੋਂ ਪਿਛਾਂਹ ਹੱਟਣ ਦਾ ਹੁਕਮ ਹੋ ਗਿਆ। ਬਾਪੂ ਟਹਿਲ ਸਿੰਘ ਤਾਂ ਖ਼ੌਰੇ ਡਿੱਗ ਹੀ ਪੈਂਦਾ ਜੇ ਅਸੀਂ ਮੌਕੇ ਤੇ ਨਾ ਸੰਭਾਲਦੇ। ਉਧਰ ਚੌਧਰੀ ਸਰਫ਼ਰਾਜ਼ ਦਾ ਸ਼ਮਲਾ ਵੀ ਝੋਂਇਆ ਹੋਇਆ ਨਜ਼ਰੀਂ ਪੈਂਦਾ ਸੀ ਮੁੜਦੇ ਪੈਰੀਂ, ਪਰ ਕਿਸੇ ਦੇ ਵੱਸ ਕੁਝ ਨਹੀਂ ਸੀ।

ਇਸ ਉਪਰੰਤ ਦੋਹਾਂ ਧਿਰਾਂ ਨੇ ਬੜਾ ਯਤਨ ਕੀਤਾ ਕਿ ਕੋਈ ਮਿਲਣ ਦਾ ਸਬੱਬ ਬਣੇ ਪਰ ਵਿਦੇਸ਼ੀਆਂ ਲਈ ਤਾਂ ਉਹਨੀਂ ਦਿਨੀਂ ਪੰਜਾਬ ਵਿਚਲੇ ਦਾਖ਼ਲੇ ਦੀ ਵੀ ਮਨਾਹੀ ਸੀ। ਕਿਸੇ ਤਰ੍ਹਾਂ ਬਾਪੂ ਟਹਿਲ ਸਿੰਘ ਤੇ ਕਿਰਪਾਲ ਸਿੰਘ ਵੀਜ਼ਾ ਲੁਆ ਕੇ ਗੁਰਧਾਮਾਂ ਦੀ ਯਾਤਰਾ ਵਾਲੇ ਜਥੇ ਨਾਲ ਪਾਕਿਸਤਾਨ ਜਾ ਪਹੁੰਚੇ। ਅਫ਼ਜ਼ਲ ਹੁਰਾਂ ਲਾਹੌਰ ਵਿਖੇ ਖ਼ੂਬ ਟਹਿਲ ਸੇਵਾ ਕੀਤੀ। ਨਾਲੇ ਇਹ ਵੀ ਦਸਿਆ ਕਿ ਅੱਬਾ ਜੀ ਤਾਂ ਉਸ ਦਿਨ ਵਾਘੇ ਤੋਂ ਪਰਤ ਕੇ ਐਸੇ ਢੱਠੇ ਨੇ ਕਿ ਹੁਣ ਮੰਜੇ ਤੋਂ ਉੱਠਣਾ ਵੀ ਮੁਹਾਲ ਹੋਇਆ ਪਿਐ। ਉਹ ਅਸਲਮ (ਅਫ਼ਜ਼ਲ ਦਾ ਵੱਡਾ ਭਰਾ, ਜੋ ਉਦੋਂ ਪਾਕਿਸ-ਤਾਨ ਅਸੈਂਬਲੀ ਦਾ ਮੈਂਬਰ ਸੀ ਤੇ ਇਸ ਤੋਂ ਪਹਿਲਾਂ ਅਫ਼ਜ਼ਲ ਵੀ ਅਸੈਂਬਲੀ ਮੈਂਬਰ ਰਹਿ ਚੁੱਕਾ ਸੀ।) ਹੁਰਾਂ ਨੂੰ ਆਖਦੇ ਨੇ-'ਕਾਹਦੀ ਹਕੂਮਤ ਹੈ ਤੁਹਾਡੀ ਮੈਂ ਆਪਣੇ ਭਰਾ ਨੂੰ ਸੀਨੇ ਨਾਲ ਵੀ ਨਾ ਲਾ ਸਕਿਆ!' ਇਧਰ ਹਾਲਤ ਤਾਂ ਟਹਿਲ ਸਿੰਘ ਦੀ ਵੀ ਇਸ ਤੋਂ ਵੱਖਰੀ ਨਹੀਂ ਸੀ ਪਰ ਹਕੂਮਤ ਦੀਆਂ ਪਾਬੰਦੀਆਂ ਕਿ ਉਹ ਲਾਹੌਰ ਜਾ ਕੇ ਵੀ ਉਥੋਂ ਕੁਝ ਮੀਲਾਂ ਦੀ ਵਿੱਥ ਤੇ ਵੱਸਦੇ ਆਪਣੇ ਪਿੰਡ ਕਿਆਮਪੁਰ ਤਕ ਨਹੀਂ ਸਨ ਜਾ ਸਕਦੇ। ਸਾਰੀਆਂ ਹਸਰਤਾਂ ਮਨ 'ਚ ਹੀ ਸਮੇਟ ਕੇ ਉਹ ਵਾਪਸ ਪਰਤ ਆਏ। ਯਾਤਰਾ ਤੇ ਜਾ ਕੇ ਉਨ੍ਹਾਂ ਦੀ ਯਾਤਰਾ ਅਧੂਰੀ ਰਹੀ।

ਕੁਝ ਦਿਨਾਂ ਬਾਅਦ ਪੰਜਾਬੀ ਅਕਾਦਮੀ, ਦਿੱਲੀ ਵਲੋਂ ਅ ਯੋਜਿਤ ਕਹਾਣੀ ਦਰਬਾਰ ਵਿਚ ਭਾਗ ਲੈਣ ਲਈ ਅਫ਼ਜ਼ਲ ਅਜੀਤ ਕੌਰ ਦੇ ਸੱਦੇ ਤੇ ਦਿੱਲੀ ਆ ਪਹੁੰਚਾ। ਕਿਰਪਾਲ ਸਿੰਘ ਰੰਧਾਵਾ ਤਾਂ ਆਪਣੇ ਬਹਿਨੋਈ ਸਮੇਤ ਉਹਨੂੰ ਮਿਲਣ ਦਿੱਲੀ ਪਹੁੰਚ ਗਿਆ ਪਰ ਟਹਿਲ ਸਿੰਘ ਨਾ ਜਾ ਸਕਿਆ। ਲਾਹੌਰੋਂ ਪਰਤ ਕੇ ਉਹ ਵੀ ਆਪਣੇ ਭਰਾ ਨੂੰ ਨਾ ਮਿਲ ਸਕਣ ਦੇ ਗ਼ਮ ਵਿਚ ਨਿਢਾਲ ਹੋ ਗਿਆ ਸੀ। ਡਾਕਟਰਾਂ ਨੇ ਉਹਨੂੰ ਪੂਰਨ ਆਰਾਮ ਕਰਨ ਲਈ ਹਦਾਇਤ ਦਿੱਤੀ ਹੋਈ ਸੀ ਤੇ ਉਧਰ ਅਫ਼ਜ਼ਲ ਬੜੇ ਯਤਨਾਂ ਦੇ ਬਾਵਜੂਦ ਵੀ ਪੰਜਾਬ ਦਾ ਵੀਜ਼ਾ ਹਾਸਲ ਨਹੀਂ ਸੀ ਕਰ ਸਕਿਆ। ਕਹਾਣੀ ਦਰਬਾਰ 'ਚ ਹਿੱਸਾ ਲੈਣ ਆਇਆ ਅਫ਼ਜ਼ਲ ਆਪਣੇ ਚਾਚੇ ਨਾਲ ਪਾਉਣ ਵਾਲੀਆਂ ਕਿੰਨੀਆਂ ਹੀ ਬਾਤਾਂ ਅਧੂਰੀਆਂ ਲੈ ਕੇ ਵਾਪਸ ਪਰਤ ਗਿਆ ਸੀ।

ਫਿਰ ਅਚਾਨਕ ਸਰਹੱਦ ਚੀਰ ਕੇ ਇਕ ਖ਼ਬਰ ਆਈ 'ਅੱਬਾ ਜੀ ਨਹੀਂ ਰਹੇ!' ਇਹ ਸਤਰ ਅਫ਼ਜ਼ਲ ਦੇ ਹੱਥ ਦੀ ਲਿਖੀ ਹੋਈ ਸੀ ਪਰ ਜਿਵੇਂ ਸੱਚ ਨਾ ਆਵੇ। ਚੌਧਰੀ ਮੁਹੰਮਦ ਸਰਫ਼ਰਾਜ਼ ਖ਼ਾਂ ਰੰਧਾਵਾ, ਜਿਹੜਾ ਕਈ ਵਰ੍ਹੇ ਅੰਮ੍ਰਿਤਸਰ ਵਿਚ ਠਾਣੇਦਾਰੀ ਕਰਦਾ ਰਿਹਾ ਸੀ, ਜਿਦ੍ਹਾ ਹੁਕਮ ਗਲੀ ਗਲੀ, ਬਜ਼ਾਰ-ਬਜ਼ਾਰ ਤੇ ਚਲਦਾ ਹੁੰਦਾ ਸੀ, ਉਹ ਉਨ੍ਹਾਂ ਗਲੀਆਂ ਤੇ ਬਜ਼ਾਰਾਂ ਵਿਚ ਮੁੜ ਕਦਮ ਰੱਖਣ ਦੀ ਹਸਰਤ ਲੈ ਕੇ ਹੀ ਚੱਲ ਵੱਸਿਆ। ਉਹਦੀਆਂ ਸਗਲੀਆਂ ਸੱਧਰਾਂ ਉਹਦੇ ਨਾਲ ਹੀ ਦਫ਼ਨਾ ਦਿੱਤੀਆਂ ਗਈਆਂ ਹੋਣਗੀਆਂ। ਖ਼ਾਸ ਕਰ ਇਕ ਵਾਰ ਆਪਣੇ ਭਰਾ ਟਹਿਲ ਸਿੰਘ ਨੂੰ ਹਿੱਕ ਨਾਲ ਲਾਉਣ ਦੀ ਰੀਝ। ਟਹਿਲ ਸਿੰਘ ਰੰਧਾਵਾ ਇਹ ਖ਼ਬਰ ਸੁਣ ਕੇ ਫੁੱਟ ਫੁੱਟ ਰੋਇਆ। ਘੜੀਓਂ ਪਹਿਲਾਂ ਉਹ ਉੱਡ ਕੇ ਕਿਆਮਪੁਰ ਪਹੁੰਚ ਜਾਣਾ ਚਾਹੁੰਦਾ ਸੀ, ਆਪਣੇ ਭਤੀਜਿਆਂ ਦੇ ਸਿਰ ਤੇ ਛਾਂ ਬਣ ਕੇ ਫੈਲਣਾ ਚਾਹੁੰਦਾ ਸੀ, ਆਪਣੇ ਭਰਾ ਦੇ ਜਨਾਜ਼ੇ 'ਚ ਸ਼ਰੀਕ ਹੋਣਾ ਚਾਹੁੰਦਾ ਸੀ ਪਰ ਇਹ ਸਭ ਸੰਭਵ ਕਿਵੇਂ ਹੁੰਦਾ। ਕਿਸੇ ਕਿਹਾ, "ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਹੈ, ਲਾਹੌਰ ਉਹਦੀ ਸਮਾਧ ਦੀ ਜ਼ਿਆਰਤ ਲਈ ਜਥਾ ਜਾ ਰਿਹੈ—ਨਾਲ ਚਲੇ ਜਾਓ।" "ਪਰ ਉਹਨਾਂ ਮੈਨੂੰ ਮੇਰੇ ਭਰਾ ਦੀ ਸਮਾਧ ਤੇ ਤਾਂ ਨਹੀਂ ਨਾ ਜਾਣ ਦੇਣਾ! ਫਿਰ ਮੈਨੂੰ ਇਸ ਜਥੇ ਦੇ ਕੀ ਭਾਗ!" ਕਹਿ ਕੇ ਟਹਿਲ ਸਿੰਘ ਫਿਰ ਫਿਸ ਪਿਆ ਸੀ। ਉਮਰ ਦੇ ਇਹ ਆਖ਼ਰੀ ਵਰ੍ਹੇ ਪੂਰੀ



Sri Satguru Jagjit Singh Ji eLibrary NamdhariElibrary@gmail.com

ਸਦੀ ਨੂੰ ਨਾਪ ਤੋਲ ਚੁੱਕੀਆਂ ਅੱਖਾਂ...ਤੇ ਵਿੱਚ ਹੰਝੂਆਂ ਦੀ ਝੜੀ...ਮੈਥੋਂ ਇਹ ਦੇਖਿਆ ਨਹੀਂ ਸੀ ਜਾਂਦਾ। ਜੀਅ ਕਰੇ ਸਭ ਮੁਲਕਾਂ ਦੇ ਹੱਦਾਂ-ਬੰਨੇ ਤੋੜਦਿਆਂ...ਸਾਰੀ ਧਰਤ ਤੇ ਵੱਸਦੀ ਲੋਕਾਈ ਇਕ ਹੋ ਜਾਵੇ। ਸਭ ਬੰਦਸ਼ਾਂ ਮੁੱਕ ਜਾਣ ਪਰ ਇਹ ਕੁਝ ਵੀ ਨਾ ਵਾਪਰਿਆ। ਚੌਧਰੀ ਸਰਫ਼ਰਾਜ਼ ਖ਼ਾਂ ਦੀ ਹਿੱਕ ਵਿਚਲੇ ਸੁਪਨਿਆਂ ਵਾਂਙ ਅਨੇਕ ਸੁਪਨੇ ਟਹਿਲ ਸਿੰਘ ਦੀਆਂ ਅੱਖਾਂ 'ਚ ਦਮ ਤੋੜ ਗਏ।

ਮੇਰੇ ਇਹ ਸਤਰਾਂ ਲਿਖਣ ਤਕ ਬਾਪੂ ਨਰੈਣ ਸਿੰਘ ਵੀ ਜਿਊਂਦਾ ਜਾਂਗਦਾ ਏ, ਜਿਸਦੀ ਉਮਰ ਹੁਣ ੯੬ ਵਰ੍ਹਿਆਂ ਦੇ ਆਸ ਪਾਸ ਏ ਤੇ ਉਸ ਤੋਂ ਦਸ ਵਰ੍ਹੇ ਵੱਡਾ ਉਹਦਾ ਭਰਾਤਾ ਟਹਿਲ ਸਿੰਘ ਵੀ, ਜੋ ਇਕ ਸਦੀ ਦੀ ਅਉਧ ਹੰਢਾ ਚੁੱਕਾ ਏ, ਜਿਸਨੂੰ ਆਪਣੀ ਕਹਾਣੀ 'ਗੁਆਚੀ ਹੋਈ ਖ਼ੁਸ਼ਬੂ' ਵਿਚ ਅਫ਼ਜ਼ਲ ਅਹਿਸਨ ਨੇ ਮੁਖ਼ਾਤਿਬ ਹੋ ਕੇ ਆਖਿਆ ਸੀ- "ਚਾਚਾ! ਤੂੰ ਠੀਕ ਆਖਦਾ ਹੁੰਦਾ ਸੈਂ—ਅਸੀਂ ਸਾਰੇ ਹੀ ਕਹਾਣੀਆਂ ਹਾਂ ਪਰ ਸਾਨੂੰ ਲਿਖਣ ਵਾਲਾ ਕੋਈ ਨਹੀਂ!' ਵੇਖ ਲੈ ਮੈਨੂੰ ਤੇਰੀ ਕਹਾਣੀ ਯਾਦ ਏ ਤੇ ਮੈਂ ਇਹਨੂੰ ਕਿਸੇ ਦਿਨ ਲਿਖਾਂਗਾ ਵੀ।" ਦੇਸ਼-ਵੰਡ ਵੇਲੇ ਗੁਆਚੀ ਰਿਸ਼ਤਿਆਂ ਦੀ ਮਹਿਕ ਨੂੰ ਆਪਣੀ ਕਹਾਣੀ ਵਿਚ ਸਮੇਟ ਕੇ ਵੀ ਅਫ਼ਜ਼ਲ ਨੂੰ ਇਹੋ ਜਾਪਿਆ ਕਿ ਉਹ ਖ਼ੁਸ਼ਬੂ ਨੂੰ ਪੂਰੀ ਤਰ੍ਹਾਂ ਲੱਭ ਨਹੀਂ ਸਕਿਆ।

ਚਾਚਾ ਟਹਿਲ ਸਿੰਘ ਨੂੰ ਲੱਭਣ ਉਪਰੰਤ ਮੈਨੂੰ ਜਾਪਿਆ ਸੀ ਕਿ ਮੈਂ ਉਹ ਗੁਆਚੀ ਹੋਈ ਖ਼ੁਸ਼ਬੂ ਲੱਭ ਲਈ ਏ ਪਰ ਇਹ ਵਾਕਿਆ ਲਿਖਣ ਉਪਰੰਤ ਜਾਪਿਐ ਕਿ ਇਹ ਗੁਆਚੀ ਹੋਈ ਖ਼ੁਸ਼ਬੂ ਉਦੋਂ ਤਕ ਨਹੀਂ ਲੱਭ ਸਕਦੀ ਜਦ ਤਕ ਸਾਰੀ ਧਰਤੀ 'ਨੋ-ਮੈਨਜ਼ ਲੈਂਡ' ਨਹੀਂ ਬਣ ਜਾਂਦੀ।●

ਵਿਸ਼ਵ ਪੰਜਾਬੀ ਕਾਨਫਰੰਸ ਨੂੰ ਸਮਰਪਤ

## ਗ਼ਜ਼ਲ

—ਜਤਿੰਦਰ ਜੌਲੀ—

ਸਾਂਝ ਦਾ ਇਕ ਫੁੱਲ ਅੱਜ ਤਕ ਰੂਹ ਵਿਚ ਹੈ ਖਿੜਿਆ<br>
ਕਦ ਤਕ ਵੰਡੀ ਰੱਖੋਗੇ ਪੰਜੇ ਦਰਿਆ?

ਅੰਗ ਅੰਗ ਦੀ ਵੰਡ ਵਿਚ ਜਿੰਦੂ ਰੋਲੋ ਨਾ<br>
ਕਿਉਂ ਪੰਜ-ਆਬੀ ਲਹੂਆਂ ਦੇ ਦਰਿਆ ਤਰਿਆ?

ਜਿਹਲਮ, ਉੱਤੇ ਤਾਰਾ ਟੁੱਟਦਾ ਜਾਂ ਵੇਖਾਂ<br>
ਸਤਲੁਜ ਦਾ ਹੀ ਕੰਢਾ ਜਾਪੇ ਤਾਂ ਭੁਰਿਆ।

ਅੱਖ ਮੇਰੀ 'ਚੋਂ ਇਕ ਵੀ ਅੱਥਰ ਸਿੰਮੇ ਨਾ,<br>
ਮੇਰਾ ਆਪਾ ਮੇਰੇ ਅੰਦਰ ਹੀ ਮਰਿਆ।

ਯਾਰ ਦੀ ਮਈਅਤ 'ਤੇ ਵੀ ਵੀਜ਼ਾ ਨਾ ਮਿਲਿਆ<br>
ਹਿੱਕ ਮੇਰੀਆ ਵਿਚ ਗਿਆ ਜਨਾਜ਼ਾ ਉਹ ਧਰਿਆ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਕਾਲਜ,<br>
ਜਲੰਧਰ।

# ਸਯਦ ਫ਼ਾਰਾਨੀ ਕੰਮੀ

ਅਗਲੇ ਪੰਨਿਆਂ ਤੇ "ਪੰਜਾਬੀ ਜ਼ਬਾਨ ਨਹੀਂ ਮਰੇਗੀ" ਸਿਰਲੇਖ ਹੇਠ ਇਕ ਵਾਰਤਾਲਾਪ ਛਾਪ ਰਹੇ ਹਾਂ। ਇਸੇ ਹੀ ਸਿਰਲੇਖ ਹੇਠ ਛੱਪੀ ਪੁਸਤਕ ਦੇ ਪਿਛਲੇ ਪਾਸੇ ਲੇਖਕ ਦੀ ਜਾਣਕਾਰੀ ਇਵੇਂ ਦਿੱਤੀ ਗਈ ਹੈ।

| | |
|---|---|
| ਨਾਮ | : ਸੱਯਦ ਫ਼ਾਰਾਨੀ ਕੰਮੀ |
| ਤਾਰੀਖ਼ ਪੈਦਾਇਸ਼ | : ੧-੩-੧੯੫੮ |
| ਕੌਮ | : ਕੰਮੀ (ਪੰਜਾਬੀ) |
| ਮਜ਼ਹਬ | : ਇਨਸਾਨੀ ਦੋਸਤੀ |
| ਜ਼ਬਾਨਾਂ | : ਪੰਜਾਬੀ, ਇਸਪਰਾਂਤੋ, ਪਸ਼ਤੋ, ਉਰਦੂ, ਜਰਮਨ, ਅੰਗਰੇਜ਼ੀ। |
| ਪੇਸ਼ੇ | : (ਮਾਜ਼ੀ ਵਿਚ) ਮਜ਼ਦੂਰ, ਚਪੜਾਸੀ, ਟਾਈਪਿਸਟ, ਫ਼ੋਨ ਆਪਰੇਟਰ, ਫਲ ਫ਼ਰੋਸ਼, ਅਕਾਊਂਟੈਂਟ, ਰਿਪੋਰਟਰ ਅਖ਼ਬਾਰ, ਆਫੀਸਰ ਮੈਨੇਜਰ (ਹਬੀਬ ਬੈਂਕ)। |
| ਮੌਜੂਦਾ ਪੇਸ਼ਾ | : ਕਾਲਜ ਵਿਚ ਉਸਤਾਦ। |
| ਵਿਦੇਸ਼ੀ ਦੌਰੇ | : ਚੀਨ, ਆਸਟਰੀਆ, ਬਲਗਾਰੀਆ, ਇਰਾਨ, ਤੁਰਕੀ, ਯੂਗੋਸਲਾਵੀਆ, ਹੰਗਰੀ, ਚੈਕੋਸਲਵਾਕੀਆ, ਪੋਲੈਂਡ, ਜਰਮਨੀ, ਹਾਲੈਂਡ, ਬੈਲਜੀਅਮ, ਲਕਸਮਬਰਗ, ਆਪਣੇ ਦੇਸ਼ ਦੇ ਚਾਰੇ ਸੂਬੇ ਅਤੇ ਕਸ਼ਮੀਰ। |
| ਵਿਦੇਸ਼ਾਂ ਵਿਚ ਭਾਸ਼ਨ | : ਉਨਵਾਨ—ਤੀਸਰੀ ਦੁਨੀਆਂ ਕੇ ਆਂਸੂ ਬੀਜਿੰਗ, ਵਾਰਸਾ, ਕਰਾਕੁਵਾ, ਜ਼ਾਗਰੇਬ, ਵੀਆਨਾ, ਤਹਿਰਾਨ, ਬੁਢਾਪੈਸਟ। |
| ਕਿਤਾਬਾਂ | : ਪੰਜ ਪ੍ਰਕਾਸ਼ਿਤ ਅਤੇ ਨੌਂ ਅਣਪ੍ਰਕਾਸ਼ਿਤ। |



Sri Satguru Jagjit Singh Ji eLibrary NamdhariElibrary@gmail.com

# ਪੰਜਾਬੀ ਜ਼ਬਾਨ ਨਹੀਂ ਮਰੇਗੀ

**ਪ੍ਰੋ: ਸਈਅਦ ਫ਼ਾਰਾਨੀ 'ਕੰਮੀ'**

'ਜਿਸ ਤਰ੍ਹਾਂ ਜਾਨਵਰ ਨੂੰ ਜ਼ਿਬਹ ਕਰਨ ਤੋਂ ਪਹਿਲਾਂ ਉਸ ਦੀ ਜ਼ਬਾਨ ਕੱਢ ਕੇ ਉਸਦੇ ਬੁੱਟਾਂ ਥੱਲੇ ਦੱਬ ਦਿੰਦੇ ਹਨ ਤਾਂ ਜੋ ਉਹ ਵਿਰੋਧ ਨਾ ਕਰ ਸਕੇ ਜਾਂ ਰੌਲਾ ਨਾ ਪਾ ਸਕੇ।' ਇਸੇ ਤਰ੍ਹਾਂ ਅੰਗਰੇਜ਼ ਵਲੋਂ ਪੰਜਾਬ ਨੂੰ ਜ਼ਿਬਹ ਕਰਨ ਤੋਂ ਪਹਿਲਾਂ ਇਸ ਦੀ ਜ਼ਬਾਨ ਖੋਹਣ ਦੀ ਕੋਸ਼ਿਸ਼ ਹੋਣ ਲਗ ਪਈ ਸੀ।' ਇਹ ਸਿਤਮ ਜ਼ਰੀਫ਼ੀ ਹੈ ਕਿ ਇਹੋ ਢੰਗ ਅੱਜ ਵੇਲੇ ਦੀਆਂ ਹਕੂਮਤਾਂ ਵਰਤ ਰਹੀਆਂ ਨੇ, ਪਰ ਇਨ੍ਹਾਂ ਮੰਦ-ਚਾਲਾਂ ਦਾ ਮੂੰਹ ਤੋੜ ਜੁਆਬ ਦੇਣ ਲਈ ਅਜੋਕੀ ਨੌਜਵਾਨ ਪੀੜ੍ਹੀ ਦੇ ਲੇਖਕ ਕਿਸ ਹਦ ਤਕ ਜਦੋ-ਜਹਿਦ ਕਰਨ ਤੇ ਉਤਾਰੂ ਹੋ ਚੁਕੇ ਹਨ, ਇਸ ਗੱਲ ਦਾ ਪ੍ਰਤੱਖ ਪ੍ਰਮਾਣ ਪੱਛਮੀ ਪੰਜਾਬ (ਪਾਕਿਸਤਾਨ) ਦੇ ਪ੍ਰੋ: ਸਈਅਦ ਦੀ ਇਸ ਲੰਬੀ ਗੱਲਬਾਤ ਵਿਚੋਂ ਮਿਲਦਾ ਹੈ, ਜੋ ਉਨ੍ਹਾਂ ਨੇ ਕੈਨੇਡਾ 'ਚ ਵੱਸਦੇ ਪੰਜਾਬੀ ਲੇਖਕਾਂ ਸਾਧੂ, ਸੁਖਵੰਤ ਹੁੰਦਲ ਤੇ ਅਮਨਪਾਲ ਸਾਰਾ ਨਾਲ ਕੈਨੇਡਾ ਤੋਂ ਛਪਦੇ ਪੰਜਾਬੀ ਪਰਚੇ "ਵਤਨ" ਵਾਸਤੇ ਕੀਤੀ।

ਪ੍ਰੋ: ਸਈਅਦ ਨੇ ਮਾਰਚ ੧੯੮੮ ਵਿਚ "ਪੰਜਾਬੀ ਜ਼ਬਾਨ ਨਹੀਂ ਮਰੇਗੀ" ਸਿਰਲੇਖ ਹੇਠ ਇਕ ਕਿਤਾਬ ਲਿਖਕੇ ਇਸ ਦੇ ਸਭਿਆਚਾਰਕ ਤੇ ਇਤਿਹਾਸਕ ਪਿਛੋਕੜ ਦਾ ਲੇਖਾ ਜੋਖਾ ਕਰਦਿਆਂ ਇਸਦੇ ਉੱਜਲੇ ਭਵਿੱਖ ਦੇ ਨੁਕਤੇ ਉਭਾਰਨ ਦਾ ਅਜਿਹਾ ਕਾਮਯਾਬ ਉਪਰਾਲਾ ਕੀਤਾ ਸੀ ਕਿ ੮ ਅਗਸਤ ੧੯੯੦ ਵਿਚ ਦੁਬਾਰਾ ਛਪ ਚੁਕੀ ਪੁਸਤਕ ਤੀਜੀ ਵਾਰ ਛਪਣ ਨੂੰ ਤਿਆਰ ਹੈ।

ਇਸ ਤੋਂ ਇਲਾਵਾ "ਸਕਾਫ਼ਤ ਦੇ ਪੰਜ ਹਜ਼ਾਰ ਵਰ੍ਹੇ" ਨਾਮੀ ਕਿਤਾਬ ਵੀ ਇਸੇ ਲੇਖਕ ਵਲੋਂ ਤਿਆਰੀ ਅਧੀਨ ਹੈ। ਇਸ ਨੌਜੁਆਨ ਨੇ ਛੋਟੀ ਉਮਰੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਹਨ। ਉਸ ਨਾਲ ਹੋਈ ਇਸ ਵਸੀਹ ਗੱਲਬਾਤ ਵਿਚ ਪੇਸ਼ ਹੋਏ ਮਾਂ-ਬੋਲੀ ਪ੍ਰਤਿ ਜਜ਼ਬਾਤ, ਨਿਰਸੰਦੇਹ ਸਾਡੇ ਪਾਠਕਾਂ, ਨੂੰ ਵੀ ਝੰਜੋੜਨਗੇ। --ਸੰਪਾਦਕ

---

**ਸਵਾਲ**—ਅਜ ਕਲ ਪਾਕਿਸਤਾਨੀ ਪੰਜਾਬ ਵਿਚ ਪੰਜਾਬੀ ਬੋਲੀ ਦਾ ਕੀ ਸਥਾਨ ਹੈ?

**ਜਵਾਬ**—ਸਭ ਤੋਂ ਪਹਿਲੀ ਗੱਲ ਇਹ ਹੈ ਕਿ ਪਾਕਿਸ-ਤਾਨ ਵਿਚ ਪੰਜਾਬੀ ਬੋਲਣ ਵਾਲਿਆਂ ਦੀ ਇਕ ਵੱਡੀ ਗਿਣਤੀ ਹੈ। ਅੱਜ ਵੀ ਇਸਨੂੰ ਪਿੰਡਾਂ, ਸ਼ਹਿਰਾਂ ਤੇ ਕਸਬਿਆਂ ਵਿਚ ਰਹਿਣ ਵਾਲੇ ਬੋਲਦੇ ਹਨ। ਜਿਥੋਂ ਤਕ ਪੜ੍ਹਨ ਜਾਂ ਲਿਖਣ ਦਾ ਸਵਾਲ ਹੈ, ਇਹ ਜ਼ਬਾਨ ਸਕੂਲਾਂ ਵਿਚ ਛੇਵੀਂ ਜਮਾਤ ਤੋਂ ਬਾਅਦ ਇਕ ਆਪਸ਼ਨਲ ਮਜ਼ਮੂਨ ਦੇ ਤੌਰ ਤੇ ਪੜ੍ਹਾਈ ਜਾਂਦੀ ਹੈ। ਪਰ ਪੰਜਾਬ ਦੇ ਸਕੂਲਾਂ ਵਿਚੋਂ ਬਹੁਤਿਆਂ ਵਿਚ ਨਾ ਤਾਂ ਇਸਨੂੰ ਪੜ੍ਹਾਉਣ ਵਾਲੇ ਮਾਸਟਰ ਰਖੇ ਜਾਂਦੇ ਹਨ ਤੇ ਨਾ ਹੀ ਕਈ ਸਕੂਲਾਂ ਦੇ ਹੈਡਮਾਸਟਰਾਂ ਨੂੰ ਇਸ ਗੱਲ ਦੀ ਖ਼ਬਰ ਹੈ ਕਿ ਪੰਜਾਬੀ ਵੀ ਇਕ ਆਪਸ਼ਨਲ ਮਜ਼ਮੂਨ ਹੈ। ਫਿਰ ਪੰਜਾਬੀ ਦੀਆਂ ਕਿਤਾਬਾਂ ਵੀ ਬਾਜ਼ਾਰ ਵਿਚੋਂ ਨਹੀਂ ਮਿਲਦੀਆਂ।

ਪ੍ਰਾਇਮਰੀ ਪੱਧਰ ਤੇ ਇਹ ਜ਼ਬਾਨ ਪੜ੍ਹਾਉਣ ਉਪਰ ਪਾਬੰਦੀ ਹੈ। ਹੋਰ ਰੀਜਨਲ ਜ਼ਬਾਨਾਂ ਪੜ੍ਹਾਈਆਂ ਜਾਂਦੀਆਂ ਹਨ ਜਿਵੇਂ ਸਿੰਧੀ, ਬਲੋਚੀ, ਪਸ਼ਤੋ ਤੇ ਬਰਾਹਵੀ ਆਦਿ।

ਹਰ ਸਾਲ ੩੫-੪੦ ਦੇ ਕਰੀਬ ਵਿਦਿਆਰਥੀ ਪੰਜਾਬੀ ਦੀ ਐਮ. ਏ. ਕਰਦੇ ਹਨ ਪਰ ਉਨ੍ਹਾਂ ਲਈ ਬਾਅਦ ਵਿਚ ਕੋਈ ਨੌਕਰੀਆਂ ਨਹੀਂ ਮੁਹੱਈਆ ਹੁੰਦੀਆਂ। ਪੜ੍ਹਾਉਣ ਵਾਲੇ ਪ੍ਰੋਫ਼ੈਸਰ ਵੀ ਪੂਰੀ ਦਿਲਚਸਪੀ ਨਾਲ ਨਹੀਂ ਪੜ੍ਹਾਉਂਦੇ ਕਿਉਂਕਿ ਪੜ੍ਹਨ ਵਾਲੇ ਵੀ ਅੰਦਰੋਂ ਪੰਜਾਬੀ ਨਹੀਂ ਹੁੰਦੇ।

ਸਾਡਾ ਇਕ ਦੋਸਤ ਹੈ ਜਮੀਲ ਅਹਿਮਦ ਪਾਲ, ਗੁਜਰਾਂਵਾਲੇ ਪ੍ਰੋਫ਼ੈਸਰ ਹੈ। ਉਹ ਇਕੱਲਾ ਹੀ ਛੇ ਸੌ ਦੇ ਕਰੀਬ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦਾ ਹੈ। ਇਸੇ ਤਰ੍ਹਾਂ ਗੁਜਰਖਾਨੇ ਸਾਡਾ ਇਕ ਦੋਸਤ ਰਾਜਾ ਜ਼ਿਆ ਉਰ ਰਹਿਮਾਨ ਦੋ ਢਾਈ ਸੌ ਬੱਚਿਆਂ ਨੂੰ ਪੰਜਾਬੀ ਪੜ੍ਹਾਉਂਦਾ ਹੈ। ਸੋ ਜੇਕਰ ਪੜ੍ਹਾਉਣ ਵਾਲੇ ਦਿਲਚਸਪੀ ਲੈਣ ਤਾਂ ਪੜ੍ਹਨ ਵਾਲੇ ਮਿਲ ਜਾਂਦੇ ਹਨ, ਪਰ ਜਿਥੇ ਪੜ੍ਹਾਉਣ ਵਾਲੇ ਦਿਲਚਸਪੀ ਨਹੀਂ ਲੈਂਦੇ, ਜਿਵੇਂ ਸਾਡੇ ਪਿੰਡੀ ਵਿਚ, ਉਥੇ ਪੰਜਾਬੀ ਪੜ੍ਹਨ ਵਾਲੇ ੨੦-੨ ਵੀ ਨਹੀਂ ਮਿਲਦੇ, ਕੁੜੀਆਂ ਦੇ ਕਾਲਜ ਬਿਲਕੁਲ ਹੀ ਪੰਜਾਬੀ ਤੋਂ ਵਾਂਝੇ ਹਨ। ਨਾ ਤਾਂ ਕੋਈ ਲੈਕਚਰਾਰ ਮਿਲਦੀ ਹੈ ਤੇ ਨਾਂ ਹੀ ਸੀਟਾਂ ਅਨਾਉਂਸ ਕੀਤੀਆਂ ਜਾਂਦੀਆਂ ਹਨ।

ਸੋ ਜਦ ਤਕ ਪੰਜਾਬੀ ਜ਼ਬਾਨ ਨੂੰ ਪੜ੍ਹਨਾ ਲਾਜ਼ਮੀ ਨਹੀਂ ਬਣਾਇਆ ਜਾਂਦਾ ਅਤੇ ਇਹ ਪ੍ਰਾਇਮਰੀ ਤੋਂ ਪੜ੍ਹਾਉਣੀ ਨਹੀਂ ਸ਼ੁਰੂ ਕੀਤੀ ਜਾਂਦੀ ਤੱਦ ਤਕ ਇਸਦੀ ਹਾਲਤ ਮਾੜੀ ਹੀ ਰਹੇਗੀ। ਸਰਕਾਰ ਵੀ ਪੰਜਾਬੀ ਨਾਲ ਮਜ਼ਾਕ ਕਰ ਰਹੀ ਹੈ। ਨਾਂ ਤਾਂ ਪੰਜਾਬੀ ਨੂੰ ਜਿਉਂਦਾ ਰੱਖਣਾ ਚਾਹੁੰਦੀ ਹੈ ਤੇ



Sri Satguru Jagjit Singh Ji eLibrary NamdhariElibrary@gmail.com

ਨਾ ਹੀ ਪੂਰੀ ਤਰ੍ਹਾਂ ਮਾਰ ਦੇਣਾ ਚਾਹੁੰਦੀ ਹੈ। ਲੋਕ ਵੀ ਪੰਜਾਬੀ ਦੇ ਮੁਕਾਬਲੇ ਫਾਰਸੀ ਜਾਂ ਅਰਬੀ ਸਿੱਖਣ ਨੂੰ ਤਰਜੀਹ ਦਿੰਦੇ ਹਨ ਜਾਂ ਫਿਰ ਨੰਬਰ ਲੈਣ ਲਈ ਤੇ ਡਵੀਜ਼ਨ ਬਣਾਉਣ ਲਈ ਸ਼ੌਕੀਆ ਮਜ਼ਮੂਨ ਦੇ ਤੌਰ ਤੇ ਪੰਜਾਬੀ ਲੈ ਲੈਂਦੇ ਹਨ। ਇਹ ਨਹੀਂ ਹੁੰਦਾ ਕਿ ਕੱਲ ਨੂੰ ਉਹ ਵਿਦਿਆਰਥੀ ਪੰਜਾਬੀ ਵਿਚ ਕਿਸੇ ਨੂੰ ਖ਼ੱਤ ਲਿਖਣ ਲੱਗ ਪੈਣ।

ਪੰਜਾਬੀ ਦੀ ਹਾਲਤ ਖੰਭ ਕੱਟੇ ਹੋਏ ਪੰਛੀ ਵਾਂਗ ਹੈ ਜਿਸਨੂੰ ਉਰਦੂ ਜਾਂ ਅੰਗਰੇਜ਼ੀ ਜ਼ੁਬਾਨਾਂ ਸ਼ਿਕਰੇ ਵਾਂਗ ਕਿਸੇ ਵੇਲੇ ਵੀ ਸ਼ਿਕਾਰ ਦਾ ਨਿਸ਼ਾਨਾ ਬਣਾ ਸਕਦੀਆਂ ਹਨ। ਸਾਡੇ ਦੋਸਤ ਸ਼ਹਿਬਾਜ਼ ਮਲਿਕ ਨੇ ਇਕ ਕਿਤਾਬ ਲਿਖੀ ਹੈ ਪੰਜਾਬੀ ਬਾਰੇ, ਤੇ ਉਸ ਵਿਚ ਫਾਰਸੀ ਲਿੱਪੀ ਵਿਚ ਛਪੀਆਂ ੧੦-੧੨ ਹਜ਼ਾਰ ਕਿਤਾਬਾਂ ਦਾ ਜ਼ਿਕਰ ਕੀਤਾ ਹੈ। ਪਰ ਉਨ੍ਹਾਂ ਵਿਚ ਪਰਲੇ ਪੰਜਾਬ (ਭਾਰਤ ਵਿਚਲੇ ਪੰਜਾਬ) ਦਾ ਕੋਈ ਜ਼ਿਕਰ ਨਹੀਂ। ਚਾਹੀਦਾ ਤਾਂ ਇਹ ਹੈ ਕਿ ਤੁਹਾਡੇ ਪਾਸੇ ਦੇ ਪੰਜਾਬ ਵਿਚ ਪੰਜਾਬੀ ਦੀ ਐਮ. ਏ. ਕਰਨ ਵਾਲੇ ਵਿਦਿਆਰਥੀਆਂ ਨੂੰ ਇਕ ਪਰਚਾ ਸ਼ਾਹਮੁਖੀ ਲਿੱਪੀ ਵਿਚ ਪਾਸ ਕਰਨਾ ਪਵੇ, ਤੇ ਸਾਡੇ ਪਾਸੇ ਦੇ ਪੰਜਾਬ ਵਿਚ ਵਿਦਿਆਰਥੀਆਂ ਨੂੰ ਇਕ ਪਰਚਾ ਗੁਰਮੁਖੀ ਲਿਪੀ ਵਿਚ ਪਾਸ ਕਰਨਾ ਪਵੇ। ਇਸ ਨਾਲ ਪੰਜਾਬ ਵਿਚਾਲੇ ਉਸਾਰੀ ਗਈ ਕੰਧ ਢਾਉਣ ਵਿਚ ਆਸਾਨੀ ਹੋਵੇਗੀ।

**ਸਵਾਲ**—ਸ਼ਾਹਮੁਖੀ ਲਿੱਪੀ ਤੋਂ ਤੁਹਾਡਾ ਭਾਵ ਹੈ ਫਾਰਸੀ ਲਿੱਪੀ ?

**ਜਵਾਬ**—ਹਾਂ ਹਾਂ, ਅਲਫ, ਬੇ, ਵਾਲੀ ਪੰਜਾਬੀ ਜਿਸ ਵਿਚ ਵੱਡੇ ਵੱਡੇ ਸ਼ਾਇਰਾਂ ਸ਼ਾਹ ਹੁਸੈਨ, ਵਾਰਿਸ ਸ਼ਾਹ, ਬੁਲ੍ਹੇ ਸ਼ਾਹ ਨੇ ਆਪਣਾ ਕਲਾਮ ਲਿਖਿਆ ਹੈ। ਜਿਵੇਂ ਮੈਂ ਕਹਿ ਰਿਹਾ ਸੀ ਕਿ ਬਾਕੀ ਭਾਸ਼ਾਵਾਂ ਯੂਨੀਵਰਸਿਟੀਆਂ ਵਿਚ ਪੜ੍ਹਾਈਆਂ ਜਾਂਦੀਆਂ ਹਨ, ਸਿੰਧੀ ਵਿਚ ਕੋਰਸ ਹਨ, ਅਰਬੀ ਵਿਚ ਹਨ, ਅੰਗਰੇਜ਼ੀ ਵਿਚ ਹਨ, ਉਰਦੂ ਵਿਚ ਹਨ ਪਰ ਪੰਜਾਬੀ ਵਿਚ ਨਹੀਂ ਹੈ। ਜੇਕਰ ਉਨ੍ਹਾਂ ਨਾਲ ਗੱਲ ਕਰੋ ਤਾਂ ਕਹਿਣਗੇ ਕਿ ਅਸੀਂ ਇਕ ਪਰਚਾ ਪੰਜਾਬੀ ਦਾ ਪਾਕਿਸਤਾਨੀ ਲਿਟਰੇਚਰ ਤੇ ਰਖਿਆ ਤਾਂ ਹੈ, ਹੋਰ ਕੀ ਚਾਹੁੰਦੇ ਹੋ ? ਮੈਂ ਜਦੋਂ ਉਹ ਕਿਤਾਬ ਖੋਲ੍ਹ ਕੇ ਦੇਖੀ ਤਾਂ ਸਾਰੀ ਪੰਜਾਬੀ ਨੂੰ ਉਰਦੂ ਵਿਚ ਢਾਲਿਆ ਹੋਇਆ ਦੇਖਿਆ। ਇਸ ਤੋਂ ਵੱਡਾ ਹੋਰ ਮਜ਼ਾਕ ਕੀ ਹੋ ਸਕਦਾ ? ਉਰਦੂ ਜ਼ਬਾਨ ਦੀ ਹਰੇਕ ਕਿਤਾਬ ਵਿਚ ਕੋਈ ਨਾ ਕੋਈ ਅਜਿਹਾ ਚੈਪਟਰ ਮਿਲੇਗਾ ਜਿਵੇਂ 'ਕੌਮੀ ਜ਼ਬਾਨ ਉਰਦੂ ਕੀ ਅਹਿਮੀਅਤ' ਵਗੈਰਾ ਵਗੈਰਾ। ਇਸੇ ਤਰ੍ਹਾਂ ਇਕ ਕਿਤਾਬ ਵਿਚ ਮਜ਼ਮੂਨ ਸੀ ਪਾਕਿਸਤਾਨੀ ਬੱਚੇ, ਜਿਸ ਵਿਚ ਸਾਰੇ ਬੱਚਿਆਂ ਦੀ ਮਾਤ ਭਾਸ਼ਾ ਦਾ ਜ਼ਿਕਰ ਸੀ। ਉਸ ਵਿਚ ਸਿੰਧੀ ਬੱਚਿਆਂ ਬਾਰੇ ਲਿਖਿਆ ਸੀ ਕਿ ਬਲੋਚੀ ਬੋਲਤੇ ਹੈਂ, ਪਠਾਨਾਂ ਬਾਰੇ ਲਿਖਿਆ ਸੀ ਕਿ ਪਸ਼ਤੋ ਬੋਲਤੇ ਹੈਂ ਪਰ ਜਦੋਂ ਪੰਜਾਬ ਦੀ ਵਾਰੀ ਆਈ ਤਾਂ ਕੁਝ ਨਹੀਂ ਸੀ ਲਿਖਿਆ ਜ਼ਬਾਨ ਬਾਰੇ। ਸਗੋਂ ਇਹ ਲਿਖਿਆ ਕਿ 'ਯੇ ਪੰਜਾਬੀ ਬੱਚੇ ਹੈਂ, ਦੇਹਾਤੋਂ ਮੇਂ ਧੋਤੀ ਪਹਿਨਤੇ ਹੈ ਔਰ ਉਰਦੂ ਬੋਲਤੇ ਹੈਂ।' ਸੋ ਮੇਰਾ ਕਹਿਣ ਦਾ ਭਾਵ ਇਹ ਹੈ ਸਾਡੇ ਸਾਰੇ ਐਜੂਕੇਸ਼ਨ ਸਿਸਟਮ ਵਿਚ ਇਸ ਤਰ੍ਹਾਂ ਦਾ ਭੁਲੇਖਾ ਪਾਇਆ ਜਾ ਰਿਹਾ ਹੈ। ਕਿਧਰੇ ਵੀ ਇਹ ਨਹੀਂ ਕਿਹਾ ਜਾਂਦਾ ਕਿ ਪੰਜਾਬੀ ਬੱਚਿਓ, ਤੁਹਾਡੀ ਜ਼ੁਬਾਨ ਪੰਜਾਬੀ ਹੈ।

**ਸਵਾਲ**—ਇਸ ਦਾ ਕੀ ਕਾਰਨ ਹੈ ?

**ਜਵਾਬ**—ਸਿੱਧੀ ਜਿਹੀ ਗੱਲ ਹੈ ਕਿ ਪੰਜਾਬੀ ਜ਼ੁਬਾਨ ਹੈ ਅਕਸਰੀਅਤ ਦੀ, ਮੇਜੋਰਟੀ ਦੀ। ਦੁਨੀਆ ਜਹਾਨ ਦੇ ਮੁਲਕਾਂ ਵਿਚ ਇਹ ਅਸੂਲ ਹੈ ਕਿ ਅਕਸਰੀਅਤ ਦੀ ਜ਼ੁਬਾਨ ਹੀ ਸਰਕਾਰੀ ਰਾਬਤੇ ਦਾ ਕੰਮ ਦਿੰਦੀ ਹੈ ਤੇ ਉਹੀ ਕੌਮੀ ਜ਼ੁਬਾਨ ਹੁੰਦੀ ਹੈ। ਅਸੀਂ ਪੰਜਾਬੀ ਨੂੰ ਕੌਮੀ ਜ਼ੁਬਾਨ ਦਾ ਤਾਂ ਕੀ, ਬੱਸ ਇਹ ਹੀ ਹੱਕ ਮੰਗਦੇ ਹਾਂ ਕਿ ਇਸਨੂੰ ਇਲਾਕਾਈ ਜ਼ੁਬਾਨ ਦਾ ਦਰਜਾ ਦਿੱਤਾ ਜਾਵੇ ਜਿਵੇਂ ਬਾਕੀ ਜ਼ਬਾਨਾਂ ਨੂੰ ਹੈ। ਹਾਲਾਂਕਿ ਜਿਸ ਜ਼ਬਾਨ ਨੂੰ ਖੁੱਡੇ ਲਾਈਨ ਲਾਉਣਾ ਹੋਵੇ ਉਸਨੂੰ ਇਲਾਕਾਈ ਜ਼ਬਾਨ ਬਣਾ ਦਿੱਤਾ ਜਾਂਦਾ ਹੈ। ਪਰ ਪੰਜਾਬੀ ਨੂੰ ਇਸਦਾ ਬਣਦਾ ਦਰਜਾ ਦੇ ਦੇਣ ਤਾਂ ਉਰਦੂ ਲਈ ਜਗਹ ਨਹੀਂ ਬਚਦੀ ਤੇ ਉਰਦੂ ਮਿੱਥੀ ਗਈ ਹੈ ਈਲੀਟ (ਉਤਲੇ ਤਬਕੇ) ਦੀ ਜ਼ਬਾਨ। ਜੇਕਰ ਉਰਦੂ ਲਈ ਥਾਂ ਨਹੀਂ ਬਚਦੀ ਤਾਂ ਮਰਕਜ਼ ਫੈਡਰਲਿਜ਼ਮ ਦੀ ਸਾਰੇ ਸੂਬਿਆਂ ਉਪਰ ਪਕੜ ਨਹੀਂ ਰਹਿ ਸਕਦੀ। ਜ਼ਬਾਨ ਲੋਕਾਂ ਨੂੰ ਆਪਣੇ ਹੱਕ ਮੰਗਣੇ ਸਿਖਾ ਦਿੰਦੀ ਹੈ। ਜੇਕਰ ਪੰਜਾਬ ਵਿਚ ਪੰਜਾਬੀ ਲਾਗੂ ਕਰ ਦਿਤੀ ਗਈ ਤਾਂ ਜ਼ਿਆਦਾ ਲੋਕ ਪੜ੍ਹ ਲਿਖ ਜਾਣਗੇ, ਅਨਪੜ੍ਹਤਾ ਘਟੇਗੀ ਤੇ ਜਗੀਰੂ ਨਿਜ਼ਾਮ ਉਪਰ ਜ਼ਰਬ ਆਵੇਗੀ, ਜਾਗੀਰਦਾਰੀ ਨੂੰ ਧੱਕਾ ਵੱਜੇਗਾ। ਦੂਸਰੇ ਪਾਕਿਸਤਾਨ ਵਿਚ ਉਰਦੂ ਦੇ ਹੱਕ ਵਿਚ ਇਕ ਹੋਰ ਬੜਾ ਭਾਰੀ ਪ੍ਰਾਪੇਗੰਡਾ ਹੁੰਦਾ ਹੈ। ਉਹ ਇਹ ਕਿ 'ਅਗਰ ਪੰਜਾਬੀ ਜ਼ਬਾਨ ਕੋ ਪੰਜਾਬ ਮੇਂ ਲਾਗੂ ਕਰ ਦੀਆ ਗਿਆ ਤੋ ਇਸ ਮੇਂ ਸਿੱਖ ਮੱਤ ਫੈਲਨੇ ਕਾ ਖ਼ਤਰਾ ਹੈ।' ਸੋ ਪੰਜਾਬੀ ਨੂੰ ਸਿੱਖਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜੋ ਪਾਕਿਸਤਾਨ ਵਿਚ ੪੭ ਵਿਚ ਸਿੱਖਾਂ ਨਾਲ ਡਰਾਮਾ ਹੋਇਆ ਸੀ ਉਸਦੀ ਬੁਨਿਆਦ ਨਫਰਤ ਉਪਰ ਰਖੀ ਗਈ ਸੀ ਤੇ ਗਾਹੇ-ਬਗਾਹੇ ਇਸ ਤਰ੍ਹਾਂ ਪੰਜਾਬੀ ਵਿਰੋਧੀ ਪ੍ਰਾਪੇਗੰਡਾ ਕਰਕੇ ਨਫਰਤ ਦੀਆਂ ਬੁਨਿਆਦਾਂ ਪੱਕੀਆਂ ਕਰਨ ਦੀ ਕੋਸ਼ਿਸ਼ ਹੋ ਰਹੀ ਹੈ,


Sri Satguru Jagjit Singh Ji eLibrary NamdhariElibrary@gmail.com

ਨਹੀਂ ਤਾਂ ਮੁੜ, ਦੋਹਾਂ ਪੰਜਾਬਾਂ ਦੇ ਸਾਂਝੇ ਹੋਣ ਦਾ ਖ਼ਤਰਾ ਹੈ।

**ਸਵਾਲ**—ਜਨ ਸੰਚਾਰ (ਮਾਸਮੀਡੀਏ) ਵਿਚ ਪੰਜਾਬੀ ਦੀ ਕੀ ਸਥਿਤੀ ਹੈ ?

**ਜਵਾਬ**—ਸਾਡਾ ਪਾਕਿਸਤਾਨ ਦਾ ਟੈਲੀਵੀਜਨ ਉਰਦੂ ਨੂੰ ਲੋਕਾਂ ਵਿਚ ਫੈਲਾਉਣ ਲਈ ਬਹੁਤ ਮੁਆਸਰ ਕਿਰਦਾਰ ਅਦਾ ਕਰਦਾ ਹੈ। ਰੋਜ਼ਾਨਾ ਦੇ ਪ੍ਰੋਗਰਾਮਾਂ ਵਿਚ ਉਰਦੂ ਨੂੰ ਜਿਥੇ ੭-੮ ਘੰਟੇ ਸਮਾਂ ਮਿਲਦਾ ਹੈ, ਉਥੇ ਪੰਜਾਬੀ ਨੂੰ ਮਸਾਂ ਅੱਧਾ ਜਾਂ ਪੌਣਾ ਘੰਟਾ ਮਿਲਦਾ ਹੈ ਤੇ ਉਹ ਵੀ ਉਸ ਵੇਲੇ ਜਦੋਂ ਬੱਚੇ ਅਜੇ ਖੇਡਦੇ ਹੁੰਦੇ ਹਨ ਤੇ ਲੋਕ ਰੋਟੀ ਪਾਣੀ ਦੇ ਆਹਰ ਵਿਚ ਲੱਗੇ ਹੋਏ ਹੁੰਦੇ ਹਨ, ਭਾਵ ਕੋਈ ਘੱਟ ਹੀ ਉਸ ਵੇਲੇ ਟੀ. ਵੀ. ਵੇਖ ਰਿਹਾ ਹੁੰਦਾ ਹੈ, ਅਜਿਹਾ ਵੇਲਾ ਮਿਲਦਾ ਹੈ ਪੰਜਾਬੀ ਦੇ ਪ੍ਰੋਗਰਾਮ ਲਈ। ਰਾਤ ਦੇ ਖਾਸ ਵੇਲੇ ਭਾਵ ੭-੮ ਵਜੇ ਦੇ ਦਵਾਲੇ ਉਰਦੂ ਪ੍ਰੋਗਰਾਮ ਹੁੰਦੇ ਹਨ ਜਾਂ ਅੰਗਰੇਜ਼ੀ ਦੇ।

ਮੈਂ ਇਕ ਵਾਰੀ ਹਿਸਾਬ ਲਾਇਆ ਸੀ ਕਿ ਇਕ ਹਫਤੇ ਦੇ ਵਿਚ ਤਕਰੀਬਨ ੪੨੦੦ ਮਿੰਟ ਮਿਲਦੇ ਹਨ ਉਰਦੂ ਪ੍ਰੋਗਰਾਮਾਂ ਵਾਸਤੇ, ਤੇ ਸਿਰਫ ੨੬੦ ਮਿੰਟ ਮਿਲਦੇ ਹਨ ਪੰਜਾਬੀ ਲਈ, ਉਹ ਵੀ ਲਾਹੌਰ ਤੋਂ। ਪਿੰਡੀ ਦਾ ਸਟੇਸ਼ਨ ਜੋ ਜ਼ਿਆਦਾ ਪਾਵਰਫੁੱਲ ਹੈ ਤੇ ਲਹਿੰਦੇ ਪੰਜਾਬ ਵਿਚ ਦੂਰ ਤਕ ਸੁਣਿਆ ਜਾਂਦਾ ਹੈ, ਉਸ ਉਪਰ ਪੰਜਾਬੀ ਵਿਚ ਖ਼ਬਰਾਂ ਨਹੀਂ ਆਉਂਦੀਆਂ।

ਇਹੋ ਹਾਲ ਤਕਰੀਬਨ ਰੇਡੀਉ ਦਾ ਹੈ। ਮਸਲਨ ਇਸਲਾਮਾਬਾਦ ਸਟੇਸ਼ਨ ਤੋਂ ਸਿਰਫ ੨-੩ ਘੰਟੇ ਪੰਜਾਬੀ ਦੇ ਪ੍ਰੋਗਰਾਮਾਂ ਨੂੰ ਮਿਲਦੇ ਹਨ ਤੇ ਉਹ ਵੀ ਕੋਸ਼ਿਸ਼ ਇਹ ਹੁੰਦੀ ਹੈ ਕਿ ਸਾਂਝੇ ਡਾਇਲੈਕਟ ਵਿਚ ਗੱਲਬਾਤ ਨਾ ਹੋਵੇ। ਜਿਵੇਂ ਕਿ ਕਿਸੇ ਪਿੰਡ ਦੀ ਨੁੱਕਰ ਵਿਚ ਬੈਠੇ ਕੋਈ ਖ਼ਾਸ ਲਹਿਜਾ ਬੋਲ ਰਹੇ ਨੇ, ਉਸੇ ਨੂੰ ਪ੍ਰੋਜੈਕਟ ਕਰ ਦੇਣਗੇ। ਇੰਜ ਲਗਦਾ ਕਿ ਸਾਡੀ ਸਰਕਾਰ ਦੀ ਇਹ ਪਾਲਿਸੀ ਹੈ ਕਿ ਪੰਜਾਬੀ ਦੇ ਲਹਿਜਿਆਂ ਦੇ ਟੋਟੇ ਕਰ ਦਿਤੇ ਜਾਣ ਤੇ ਉਨ੍ਹਾਂ ਨੂੰ ਅਲੱਗ ਅਲੱਗ ਜ਼ੁਬਾਨਾਂ ਬਣਾ ਦਿਤਾ ਜਾਵੇ ਤੇ ਇਸ ਤਰ੍ਹਾਂ ਜਿਹੜੀ ਪੰਜਾਬੀ ਜ਼ੁਬਾਨ ਸਾਰੇ ਲਹਿਜਿਆਂ ਨੂੰ ਮਿਲਾਕੇ ਬਣਦੀ ਹੈ ਉਸਦੇ ਖਿਲਾਫ਼ ਸਾਰਿਆਂ ਪਾਸਿਆਂ ਤੋਂ ਮੁਹਾਜ਼ ਕਾਇਮ ਕੀਤੇ ਜਾਣ। ਬਦਕਿਸਮਤੀ ਨਾਲ ਛੋਟੇ ਸੂਬਿਆਂ ਦੀ, ਉਰਦੂ ਬੋਲਣ ਵਾਲਿਆਂ ਦੀ, ਮਰਕਜ਼ੀਅਤ ਪਸੰਦ ਕਰਨ ਵਾਲੇ ਲੋਕਾਂ ਦੀ ਦਿਲਚਸਪੀ ਇਸੇ ਵਿਚ ਹੈ ਕਿ ਪੰਜਾਬੀ ਦੇ ਟੋਟੇ ਹੋਣ, ਇਸ ਨਾਲ ਪੰਜਾਬ ਦੀ ਤਾਕਤ ਘਟੇਗੀ ਤੇ ਉਸਨੂੰ ਕੰਟਰੋਲ ਕਰਨਾ ਸੌਖਾ ਹੋਵੇਗਾ। ਇਹ ਜੋ ਟੋਟੇ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ ਇਹ ਨਫ਼ਰਤ ਬੁਨਿਆਦ ਉਪਰ ਕੀਤੀ ਜਾਂਦੀ ਹੈ ਮਸਲਨ ਬਹਾਵਲਪੁਰ ਮੁਲਤਾਨ ਇਲਾਕੇ ਵਿਚ ਸਰਾਇਕੀ ਲਹਿਜੇ ਨੂੰ ਜ਼ਬਾਨ ਬਣਾਉਣ ਦੀ ਮੂਵਮੈਂਟ ਚਲੀ ਹੈ। ਉਸਦਾ ਸਾਰਾ ਰੁੱਖ ਪੰਜਾਬੀ ਦੇ ਖਿਲਾਫ਼ ਕੀਤਾ ਗਿਆ ਹੈ। ਜਿਸ ਤਰ੍ਹਾਂ ਟਰਾਂਸਪੋਰਟੇਸ਼ਨ (ਆਵਾਜਾਈ) ਦੇ ਸਾਧਨ ਵਧਣ ਨਾਲ ਲੋਕਾਂ ਦੇ ਇਕ ਦੂਜੇ ਨਾਲ ਮਿਲਣ ਵਰਤਣ ਅਤੇ ਹੋਰ ਵਿਉਪਾਰ ਆਦਿ ਦੇ ਵਧਣ ਨਾਲ ਇਸ ਜ਼ਬਾਨ ਦਾ ਘੇਰਾ ਵਧਿਆ ਹੈ, ਹੋਣਾ ਤਾਂ ਇਹ ਚਾਹੀਦਾ ਸੀ ਕਿ ਮਾਸ ਮੀਡੀਆ ਸਾਡੀ ਮਦਦ ਕਰਦਾ, ਇਕ ਸਾਂਝੀ ਪੰਜਾਬੀ ਜ਼ਬਾਨ ਬਣਾਉਣ ਦੀ। ਜਿਸ ਤਰ੍ਹਾਂ ਸੂਫੀ ਕਵੀਆਂ ਨੇ ਸਾਂਝੀ ਜ਼ਬਾਨ ਦਾ ਇਸਤੇਮਾਲ ਕੀਤਾ। ਮਿਸਾਲ ਵਜੋਂ ਮੀਆਂ ਮੁਹੰਮਦ ਬਖ਼ਸ਼ ਨੇ ਆਪਣੀਆਂ ਲਿਖਤਾਂ ਵਿਚ ਜਾਸੀ, ਜਾਸਾਂ, ਜਾਵੇਗਾ ਵਰਤਿਆ ਹੈ, ਇਸੇ ਤਰ੍ਹਾਂ ਥੀਸਾਂ, ਕਰਸਾਂ, ਮਰੇਂਦਾ ਤੇ ਮੰਨੇਗਾ ਵੀ ਵਰਤਿਆ ਹੈ। ਉਨ੍ਹਾਂ ਦਾ ਇਕ ਸ਼ਿਅਰ ਹੈ:

ਲੈ ਓ ਯਾਰ ਹਵਾਲੇ ਰੱਬ ਦੇ
ਮੇਲੇ ਚਾਰ ਦਿਨਾਂ ਦੇ
ਉਸ ਦਿਨ ਈਦ ਮੁਬਾਰਕ ਹੋਸੀ
ਜਿਸ ਦਿਨ ਫੇਰ ਮਿਲਾਂਗੇ।

ਇਸ ਵਿਚ 'ਹੋਸੀ' ਸ਼ਬਦ ਆ ਗਿਆ ਤੇ 'ਮਿਲਾਂਗੇ' ਵੀ ਆ ਗਿਆ। ਵਾਰਿਸ ਸ਼ਾਹ ਨੇ ਝੰਗੋਚੀ ਲਹਿਜਾ ਵਰਤਿਆ ਹੈ, ਤੇ ਇਸ ਤਰ੍ਹਾਂ ਸ਼ਾਹ ਹੁਸੈਨ ਨੇ ਥੀਸਾਂ, ਕਰੇਸਾਂ ਸ਼ਬਦ ਵਰਤੇ ਹਨ। ਗੁਰੂ ਨਾਨਕ ਨੇ ਵੀ ਮਰੇਂਦਾ, ਕਰੇਂਦਾ, ਉਠੇਂਦਾ ਆਦਿ ਸ਼ਬਦ ਵਰਤੇ ਹਨ। ਸੋ ਮਤਲਬ ਇਹ ਹੈ ਕਿ ਜਿਹੜੇ ਸੂਫ਼ੀ ਕਵੀ ਸਨ ਉਹ ਲੋਕਾਂ ਦੀ ਭਲਾਈ ਚਾਹੁੰਦੇ ਸਨ, ਲੋਕਾਂ ਦੇ ਨਫ਼ਰਤ ਦੇ ਜਜ਼ਬਾਤ ਹਟਾਉਣੇ ਚਾਹੁੰਦੇ ਸੀ, ਉਨ੍ਹਾਂ ਨੇ ਤਾਂ ਰਲਵੀ ਜ਼ੁਬਾਨ ਵਰਤੀ, ਲੇਕਿਨ ਜਿਹੜੇ ਸਾਡੇ ਸਾਜ਼ਿਸ਼ੀ ਨੇ ਜਿਨ੍ਹਾਂ ਨੇ ਪਹਿਲਾਂ ਪੰਜਾਬ ਨੂੰ ਜ਼ਿਬਹ ਕਰਨ ਵਾਸਤੇ ਚਾਲਾਂ ਚੱਲੀਆਂ ਸਨ, ਭਾਵ ਸਿਆਸਤਦਾਨ, ਜਿਨ੍ਹਾਂ ਨੇ ਪੰਜਾਬ ਨੂੰ ਤਕਸੀਮ ਕਰਨ ਦੀ ਸਿਆਸਤ ਖੇਡੀ ਸੀ, ਉਹੀ ਕੁਝ ਹੁਣ ਫੇਰ ਕਰ ਰਹੇ ਹਨ ਤਾਂ ਕਿ ਉਨ੍ਹਾਂ ਦੀਆਂ ਚੌਧਰਾਂ ਕਾਇਮ ਰਹਿ ਸਕਣ ਤੇ ਲੁਕਾਈ ਲੁਟੇਂਦੀ ਰਵੇ।

**ਸਵਾਲ**—ਅਸੀਂ ਕਈ ਵਾਰੀ ਇਥੇ ਟੀ. ਵੀ. ਉਪਰ ਪਾਕਿਸ-ਤਾਨੀ ਡਰਾਮੇ ਦੇਖਦੇ ਹਾਂ ਜਿਨ੍ਹਾਂ ਵਿਚ ਪੰਜਾਬੀ ਉਰਦੂ ਵਿਚ ਰਲਾ ਕੇ ਬੋਲੀ ਗਈ ਹੁੰਦੀ ਹੈ, ਉਹ ਕੀ ਵਰਤਾਰਾ (ਫਿਨਾਮਿਨਾ) ਹੈ ?

**ਜਵਾਬ**—ਇਹ ਕੁਝ ਖਾਸ ਕਿਸਮ ਦੇ ਪੰਜਾਬੀ ਲੇਖਕ ਜਿਵੇਂ ਅਮਜਦ ਇਸਲਾਮ ਅਮਜਦ, ਅੱਤਾਉਲਾ


Sri Satguru Jagjit Singh Ji eLibrary NamdhariElibrary@gmail.com

ਕਾਸਿਮੀ, ਯੂਨਸ ਜਾਵੇਦ ਵਗੈਰਾ ਲਿਖਦੇ ਹਨ। ਇਹ ਲੋਕ ਆਪਣੇ ਖਿਆਲ ਵਿਚ ਪੰਜਾਬੀ ਲਹਿਜਾ ਤਾਂ ਵਰਤਦੇ ਹਨ ਕਿ ਬਹੁਤੇ ਲੋਕਾਂ ਤਕ ਗੱਲ ਪਹੁੰਚ ਸਕੇ। ਇਸ ਦੇ ਪਿੱਛੇ ਪਾਲਸੀ ਮੇਕਰ ਨੇ ਜਿਹੜੇ ਅਦੀਬ, ਸ਼ਹਿਰ ਲਾਹੌਰ ਬੈਠੇ ਨੇ, ਕੌਮੀ ਜ਼ੁਬਾਨ ਵਾਲੇ, ਉਹ ਕਹਿੰਦੇ ਹਨ ਕਿ ਅਸੀਂ ਉਰਦੂ ਜ਼ੁਬਾਨ ਉਹ ਬਣਾ ਦੇਈਏ ਜਿਹੜੀ ਕਿ ਲਖਨਵੀ ਉਰਦੂ, ਦਿੱਲੀ ਉਰਦੂ ਹੈ। ਭਾਵ ਇਹ ਕਿ ਇਹ ਪਾਕਿਸਤਾਨੀ ਉਰਦੂ ਬਣ ਜਾਵੇ ਜਿਵੇਂ ਕਿ ਅੰਗਰੇਜ਼ੀ ਵਿਚ ਇਕ ਵੈਬਸਟਰ ਇੰਗਲਿਸ਼ ਹੈ। ਓਰਦੂ ਉਹੀ ਰਹੇ ਪਰ ਉਹ ਲਹਿਜਾ ਕੁਝ ਅਲਗ ਹੋ ਜਾਵੇ। ਪਰ ਮੈਂ ਨਹੀਂ ਸਮਝਦਾ ਕਿ ਇਸ ਕੋਸ਼ਿਸ਼ ਦਾ ਕੋਈ ਅਸਰ ਹੈ ਕਿਉਂਕਿ ਪਾਕਿਸ-ਤਾਨ ਵਿਚ ਹਿੰਦੀ ਫਿਲਮਾਂ ਦੀ ਪ੍ਰਸਿਧੀ ਬਹੁਤ ਜ਼ਿਆਦਾ ਹੈ। ਹਿੰਦੀ ਕਲਚਰ ਵੀ ਉਰਦੂ ਜ਼ੁਬਾਨ ਵਾਂਗ ਸਾਡੇ ਲੋਕਾਂ ਉਪਰ ਛਾ ਰਿਹਾ ਹੈ। ਪਾਕਿਸਤਾਨ ਵਿਚ ਹਰ ਗਲੀ ਦੀ ਨੁੱਕਰ ਵਿਚ ਵੀਡੀਓ ਸ਼ਾਪ ਹੈ ਜਿਥੇ ਹਿੰਦੀ ਫਿਲਮਾਂ ਮਿਲ ਸਕਦੀਆਂ ਹਨ। ਉਸਦਾ ਅਸਰ ਮੁੰਡੇ ਕੁੜੀਆਂ ਉਪਰ ਪੈਂਦਾ ਹੈ। ਮੈਂ ਹਿੰਦੀ ਜਾਂ ਉਰਦੂ ਵਿਚ ਕੋਈ ਫਰਕ ਨਹੀਂ ਸਮਝਦਾ।

ਪਾਕਿਸਤਾਨ ਵਿਚ ਸਾਡੀ ਸਰਕਾਰ, ਸਾਡੇ ਅਦੀਬ ਸ਼ਾਇਰ ਤੇ ਸ੍ਰੀ ਦੇਵੀ ਤੇ ਅਮਿਤਾਬ ਬਚਨ ਦੀਆਂ ਹਿੰਦੀ ਫਿਲਮਾਂ, ਰਲ ਕੇ ਉਰਦੂ ਜ਼ਬਾਨ ਫੈਲਾ ਰਹੀਆਂ ਹਨ। ਫਰਜ਼ ਕਰੋ ਕਿ ਪਾਕਿਸਤਾਨ ਵਿਚ ਮਹੀਨੇ ਦੀ ਇਕ ਲੱਖ ਕਿਤਾਬ ਵਿਕਦੀ ਹੈ ਪਰ ਉਸਦੇ ਮੁਕਾਬਲੇ ੧੦ ਲੱਖ ਹਿੰਦੀ ਫਿਲਮਾਂ ਦੇਖੀਆਂ ਜਾਂਦੀਆਂ ਹੋਣਗੀਆਂ। ਭਾਵ ਇਹ ਕਿ ਇਨ੍ਹਾਂ ਦੀ ਬੁਨਿਆਦ ਜਿਸ ਤੇ ਇਹ ਮੁਲਕ ਬਣਾਇਆ ਸੀ ਕਿ 'ਹਮ ਇਸਲਾਮੀ ਹੈਂ, ਹਮ ਅਲਗ ਕੌਮ ਹੈਂ' ਵਗੈਰਾ ਉਸ ਵੇਲੇ ਫ਼ੁਰਲੂ ਹੋ ਕੇ ਰਹਿ ਜਾਂਦੀ ਹੈ ਜਦੋਂ ਹਿੰਦੂਇਜ਼ਮ ਤੇ ਬੇਸਿਡ (ਆਧਾਰਿਤ) ਬੰਬਈਆਂ ਫਿਲਮਾਂ ਦੇਖੀਆਂ ਜਾਂਦੀਆਂ ਹਨ ਕਿਉਂਕਿ ਉਨ੍ਹਾਂ ਵਿਚ ਇਸਲਾਮਿਕ ਆਈਡਿਓਲੋਜੀ ਤਾਂ ਹੁੰਦੀ ਨਹੀਂ। ਆਮ ਕਾਲਜਾਂ ਦੇ ਕੁੜੀਆਂ ਮੁੰਡਿਆਂ ਦੀਆਂ ਫਾਈਲਾਂ ਵਿਚ ਜਾਂ ਹੋਸਟਲਾ ਦੇ ਕਮਰਿਆਂ ਵਿਚ ਸ੍ਰੀ ਦੇਵੀ, ਮਾਧੁਰੀ ਦੀਖਸ਼ਿਤ ਜਾਂ ਅਨਿਲ ਕਪੂਰ ਦੀਆਂ ਫੋਟੋ ਲੱਗੀਆਂ ਹੁੰਦੀਆਂ ਹਨ।

ਇਕ ਚੰਗੀ ਪੰਜਾਬੀ ਜ਼ੁਬਾਨ ਜਿਸਨੂੰ ੬੦ ਫੀ ਸਦੀ ਵਸੋਂ ਬੋਲਦੀ ਸੀ ਦਾ ਬੁਰਾ ਹਾਲ ਕੀਤਾ ਗਿਆ ਹੈ। ਜੇਕਰ ਪੰਜਾਬੀ ਜ਼ਬਾਨ ਮਾਦਰੀ ਜ਼ੁਬਾਨ ਦੇ ਤੌਰ ਤੇ ਸਾਡੇ ਬੱਚਿਆਂ ਨੂੰ ਪੜ੍ਹਾਉਂਦੇ ਤਾਂ ਸਾਡੇ ਬੱਚੇ ਬਹੁਤ ਲਾਇਕ ਬਣਦੇ। ਯੂਨੈਸਕੋ ਦੀ ਰਿਪੋਰਟ ਵੀ ਇਹੀ ਇਸ਼ਾਰਾ ਕਰਦੀ ਹੈ ਕਿ ਜੇਕਰ ਬੱਚੇ ਨੂੰ ਆਪਣੀ ਮਾਦਰੀ ਜ਼ਬਾਨ ਵਿਚ ਤਾਲੀਮ ਦਿੱਤੀ ਜਾਵੇ ਤਾਂ ਉਹ ਤੇਜ਼ੀ ਨਾਲ ਸਿੱਖ ਸਕਦਾ ਹੈ। ਹੁਣ ਕੀ ਹੁੰਦਾ ਹੈ ਕਿ ਪੰਜਾਬੀ ਬੱਚਾ ਘਰ ਵਿਚ ਤਾਂ ਕੁੱਕੜ ਨੂੰ ਕੁੱਕੜ ਬੋਲਦਾ ਹੈ ਪਰ ਸਕੂਲ ਜਾ ਕੇ ਉਸਨੂੰ ਮੁਰਗ਼ਾ ਕਹਿਣਾ ਪੈਂਦਾ ਹੈ। ਦਿਮਾਗ ਵਿਚ ਲਫਜ਼ 'ਕੁੱਕੜ' ਹੀ ਹੁੰਦਾ ਹੈ। ਸੋ ਇਸ ਤਰ੍ਹਾਂ ਬਹੁਤੀ ਵਾਰੀ ਜਦੋਂ ਸਕੂਲ ਵਿਚ ਬੱਚੇ ਉਪਰ ਉਰਦੂ ਠੋਸੀ ਜਾਂਦੀ ਹੈ ਤਾਂ ਮਾਸਟਰਾਂ ਦੀ ਮਾਰ ਤੋਂ ਡਰਦਾ ਬੱਚਾ ਸਕੂਲ ਛੱਡ ਜਾਂਦਾ ਹੈ। ਇਸਦੀ ਬਨਿਸਬਤ ਮੁਹਾਜਰਿਮ, ਹੈਦਰਾਬਾਦ, ਕਰਾਚੀ ਵਾਲੇ ਪਾਸੇ ਜਿਥੇ ਸੌ ਫੀ ਸਦੀ ਲੋਕਾਂ ਦੀ ਮਾਦਰੀ ਜ਼ੁਬਾਨ ਉਰਦੂ ਹੈ, ਉਥੇ ਪੜ੍ਹਾਈ ਦੀ ਦਰ ੧੦੦ ਪ੍ਰਤੀਸ਼ਤ ਦੇ ਲਗ ਭਗ ਹੈ, ਪਰ ਪੰਜਾਬ ਵਾਲੇ ਪਾਸੇ ਇਹ ਬਹੁਤ ਘੱਟ ਹੈ। ਔਰਤਾਂ ਵਿਚ ਬਹੁਤ ਹੀ ਘੱਟ ਹੈ।

**ਸਵਾਲ**—ਪਾਕਿਸਤਾਨ ਵਿਚ ਪੰਜਾਬੀ ਪੱਤਰਕਾਰੀ ਬਾਰੇ ਦੱਸੋ?

**ਜਵਾਬ**—ਲਾਹੌਰ ਤੋਂ ਇਕ ਅਖਬਾਰ 'ਸੱਜਣ' ਛਪਣਾ ਸ਼ੁਰੂ ਹੋਇਆ ਸੀ। ਪਰ ੨੦ ਮਹੀਨਿਆਂ ਬਾਅਦ ਹੀ ਬੰਦ ਹੋ ਗਿਆ। ਉਸਦੀ ਵਜਹ ਇਹ ਕਿ ਪੰਜਾਬੀ ਦੇ ਅਖ਼ਬਾਰ ਨੂੰ ਕੋਈ ਇਸ਼ਤਿਹਾਰ ਨਹੀਂ ਮਿਲਦੇ। ਵੈਸੇ ਪਾਕਿਸਤਾਨ ਵਿਚ ਬੇਸ਼ੁਮਾਰ ਪੰਜਾਬੀ ਕਰੋੜਪਤੀ ਹਨ, ਪਰ ਪੰਜਾਬੀ ਜ਼ਬਾਨ ਲਈ ਕੋਈ ਕੁਝ ਨਹੀਂ ਕਰ ਰਿਹਾ। ਇਸ ਅਖ਼ਬਾਰ ਲਈ ਬਹੁਤ ਲੋਕਾਂ ਨੇ ਆਪਣੇ ਕੋਲੋਂ ਪੈਸੇ ਲਗਾਏ, ਆਪਣੀ ਐਨਰਜੀ ਲਗਾਈ। ਪੰਜਾਹ ਪੰਜਾਹ ਮੀਲਾਂ ਤੋਂ ਮੁੰਡੇ ਆਪਣੇ ਕਿਰਾਏ ਖਰਚ ਕੇ ਪੰਜਾਬੀ ਦੇ ਅਖ਼ਬਾਰ ਨੂੰ ਚਲਾਉਣ ਲਈ ਆਪਣਾ ਜ਼ੋਰ ਲਗਾਉਂਦੇ ਸਨ, ਪਰ ਅਗਰ ਅਖ਼ਬਾਰ ਨੂੰ ਇਸ਼ਤਿਹਾਰ ਨਾ ਮਿਲਣ ਤਾਂ ਉਹ ਆਪਣੀ ਮੌਤ ਖੁਦ ਮਰ ਜਾਂਦਾ ਹੈ। ਇਸ਼ਤਿਹਾਰੀ ਏਜੰਸੀਆਂ ਵੀ ਉਨ੍ਹਾਂ ਕੋਲ ਹਨ, ਜੋ ਪੰਜਾਬੀ ਨੂੰ ਨਫ਼ਰਤ ਕਰਦੇ ਹਨ। ਹਾਂ ਪੰਜਾਬੀ ਵਿਚ ਰਸਾਲੇ ਕਈ ਛਪ ਰਹੇ ਹਨ। ਮਸਲਨ 'ਲਹਿਰਾਂ' ਰਸਾਲਾ ਲਾਹੌਰ ਤੋਂ ਸਈਦ ਅਖਤਰ ਸਾਹਬ ਪਿਛਲੇ ੨੫ ਸਾਲਾਂ ਤੋਂ ਚਲਾ ਰਹੇ ਹਨ। ਇਕ ਹੋਰ ਬਹੁਤ ਅੱਛਾ ਪੰਜਾਬੀ ਰਸਾਲਾ 'ਮਾਂ ਬੋਲੀ' ਮਕਸੂਦ ਸਾਕਿਬ ਸਾਹਿਬ ਛਾਪ ਰਹੇ ਹਨ। ਅਸੀਂ ਕੁਝ ਦੋਸਤਾਂ ਨੇ ਰਲ ਕੇ ਪੰਜਾਬੀ ਸਾਇੰਸ ਬੋਰਡ ਬਣਾਇਆ ਹੈ ਲਾਹੌਰ ਵਿਚ, ਜਿਸਦੇ ਤਹਿਤ ਅਸੀਂ ਸਾਇੰਸ ਦੀਆਂ ਕਿਤਾਬਾਂ ਵੀ ਪੰਜਾਬੀ ਵਿਚ ਛਾਪ ਰਹੇ ਹਾਂ, ਤੇ ਨਾਲ ਨਾਲ ਦੋ ਰਸਾਲੇ ਜਿਨ੍ਹਾਂ ਨੂੰ ਇਲਿਆਸ ਘੁੰਮਣ ਤੇ ਜਮੀਲ ਪਾਲ ਐਡਿਟ ਕਰ ਰਹੇ ਹਨ, ਛਾਪ ਰਹੇ ਹਾਂ। ਇਕ ਦਾ ਨਾਮ ਹੈ 'ਰਵੇਲ' (ਪੰਦਰਾਂ ਰੋਜ਼ਾ) ਜਿਸਦਾ ਮਤਲਬ ਹੈ, ਚਮੇਲੀ, ਦੂਸਰਾ ਰਸਾਲਾ ਬੱਚਿਆਂ ਲਈ 'ਮੀਟੀ' (ਦੋ-ਮਾਹੀ) ਹੈ।


Sri Satguru Jagjit Singh Ji eLibrary NamdhariElibrary@gmail.com

ਇਸ ਤੋਂ ਇਲਾਵਾ ਸਾਡੇ ਪੰਜਾਬੀਅਤ ਬੋਰਡ ਹੈ ਪਰ ਉਸ ਨੂੰ ਬਹੁਤ ਘੱਟ ਗਰਾਂਟ ਮਿਲਦੀ ਹੈ ਸਰਕਾਰ ਵਲੋਂ। ਉਰਦੂ ਦੀ ਇਕ ਅਕੈਡਮੀ ਦੇ ਅਫਸਰ ਦੀ ਤਨਖਾਹ ਤੋਂ ਵੀ ਘਟ ਗ੍ਰਾਂਟ ਮਿਲਦੀ ਹੈ ਇਸ ਬੋਰਡ ਨੂੰ ਇਮਦਾਦ ਦੇ ਤੌਰ ਤੇ ਦਿੰਦੀ ਹੈ। ਸੋ ਸਾਡੀ ਸਰਕਾਰ ਚਾਹੁੰਦੀ ਹੈ ਕਿ ਪੰਜਾਬੀ ਮਰੇ ਵੀ ਨਾ, ਸਿਰਫ ਥੱਲੇ ਡਿੱਗੀ ਡਿੱਗੀ ਸਾਹ ਲਈ ਜਾਵੇ, ਹਉਕੇ ਲਈ ਜਾਵੇ। ਵਜ਼ੀਰੇ-ਆਲਾ ਪੰਜਾਬ ਉਸਮਾਨ ਇਬਰਾਹੀਮ ਦਾ ਕਹਿਣਾ ਹੈ ਕਿ ਸਾਨੂੰ ਉਰਦੂ ਦੀ ਲੋੜ ਹੈ ਪੰਜਾਬੀ ਦੀ ਨਹੀਂ।

ਇਸੇ ਤਰ੍ਹਾਂ ਹੋਰ ਰਸਾਲੇ ਛਪਦੇ ਹਨ ਜਿਵੇਂ ਇਕ ਛਿਮਾਹੀ ਰਸਾਲਾ 'ਖੋਜ' ਛਪਦਾ ਹੈ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਜਿਸਨੂੰ ਸ਼ਹਿਬਾਜ਼ ਮਲਿਕ ਛਾਪਦੇ ਹਨ। ਇਕ ਪੰਜਾਬੀ ਦਾ ਤਿਮਾਹੀ ਰਸਾਲਾ ਪੰਜਾਬੀ ਦੇ ਬਜ਼ੁਰਗ ਲੇਖਕ-ਖੋਜਕਾਰ ਆਸਿਫ਼ ਖਾਨ ਸਾਹਿਬ ਛਾਪਦੇ ਹਨ, ਪੰਜਾਬੀਅਤ ਬੋਰਡ ਦੀ ਮਦਦ ਨਾਲ "ਪੰਜਾਬੀ ਅਦਬ"। ਕਰਾਚੀ ਤੋਂ ਇਕ ਰਸਾਲਾ ਆਂਬਰ ਬਸ਼ੀਰ ਰਾਈਂ ਇਕ ਨੌਜੁਆਨ, ਸਾਇੰਸ ਰੰਗ' ਛਾਪਦੇ ਹਨ। ਇਕ ਨਵਾਂ ਰਸਾਲਾ 'ਦਰਸ਼ਨ' ਹੈਦਰਾ-ਬਾਦ ਤੋਂ ਛਪਣਾ ਸ਼ੁਰੂ ਹੋਇਆ ਹੈ। ਇਕ ਹੋਰ ਰਸਾਲਾ 'ਸੂਰਜਮੁਖੀ' ਹੈ, ਜਿਸਨੂੰ ਕੰਵਲ ਮੁਸ਼ਤਾਕ ਸੰਪਾਦਤ ਕਰਦੇ ਹਨ, ਇਕ 'ਅਣਖ' ਹੈ ਤੇ ਕੁਝ ਹੋਰ ਹਨ ਜਿਨ੍ਹਾਂ ਦੇ ਨਾਮ ਮੈਨੂੰ ਹੁਣ ਯਾਦ ਨਹੀਂ।

ਕੁਝ ਅਦਾਰੇ ਕਿਤਾਬਾਂ ਛਾਪਦੇ ਹਨ ਪੰਜਾਬੀ ਦੀਆਂ, ਲੇਕਿਨ ਉਹ ਗਾਈਡਾਂ ਦੀ ਕਿਸਮ ਦੀਆਂ ਹੁੰਦੀਆਂ ਹਨ ਦਸਤੀ ਪੇਪਰ ਕਿਸਮ ਦੀਆਂ। ਉਹ ਵਿਕਦੀਆਂ ਵੀ ਹਨ ਕਿਉਂਕਿ ਮੁੰਡਿਆਂ ਨੇ ਇਮਤਿਹਾਨ ਪਾਸ ਕਰਨਾ ਹੁੰਦਾ ਹੈ। ਬਾਕੀ ਚੰਗੀ ਕਿਤਾਬ ਜੇਕਰ ਮੀਡੀਆ ਦੀ ਮਦਦ ਮਿਲ ਜਾਵੇ ਤਾਂ ਉਹ ਵਿਕ ਵੀ ਜਾਂਦੀ ਹੈ। ਕੁਝ ਅਦਾਰੇ ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਵਾਰਿਸ ਸ਼ਾਹ ਤੇ ਸ਼ੇਖ ਫ਼ਰੀਦ ਦਾ ਕਲਾਮ ਛਾਪਣ ਵਿਚ ਟਾਵੀਂ ਟਾਵੀਂ ਦਿਲਚਸਪੀ ਦਿਖਾਉਣ ਲੱਗੇ ਹਨ।

**ਸਵਾਲ**—ਪੰਜਾਬੀ ਜ਼ਬਾਨ ਦੀ ਬੇਹਤਰੀ ਲਈ ਜਾਂ ਪੰਜਾਬੀ ਨੂੰ ਆਪਣਾ ਸਹੀ ਸਥਾਨ ਦਿਵਾਉਣ ਲਈ ਕਿਸ ਕਿਸਮ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ?

**ਜਵਾਬ**—ਕੋਸ਼ਿਸ਼ਾਂ ਹੋ ਤਾਂ ਰਹੀਆਂ ਹਨ ਤੇ ਪਿਛਲੇ ਕੁਝ ਸਾਲਾਂ ਵਿਚ ਤੇਜ਼ੀ ਵੀ ਆਈ ਹੈ। ਕੁਝ ਸੱਜਣ ਜਿਵੇਂ ਅੱਲ੍ਹਾ ਬਖਸ਼, ਮਸੂਦ ਖੱਦਰਪੋਸ਼ ਸਾਹਿਬ ਤੇ ਹੋਰ ਬਜ਼ੁਰਗ ਦੋਸਤ ਜਿਵੇਂ ਸ਼ੇਖ ਮੁਜਾਹੀ ਸਾਹਿਬ ਆਦਿ ਵੇਲੇ ਕੁਵੇਲੇ ਪੰਜਾਬੀ ਦੀ ਗੱਲ ਕਰਦੇ ਆ ਰਹੇ ਹਨ। ਫ਼ਖਰ ਜ਼ਮਾਨ ਤੇ ਹਨੀਫ਼ ਹੋਰੀਂ ਵੀ ਪੰਜਾਬੀ ਦੀ ਗੱਲ ਕਰ ਰਹੇ ਹਨ।

ਜਿਸ ਵੇਲੇ ਕਰਾਚੀ ਹੈਦਰਾਬਾਦ ਵਿਚ ਉਰਦੂ ਬੋਲਣ ਵਾਲਿਆਂ ਦੀ ਵਖਰੀ ਐਮ. ਕੇ. ਬਣੀ ਤਾਂ ਉਨ੍ਹਾ ਦੇ ਨਾਹਰੇ ਨਾਲ ਉਥੇ ਪੰਜਾਬੀਆਂ ਨੂੰ ਫੈਂਟ ਪਈ, ਕਈ ਪੰਜਾਬੀ ਮਾਰੇ ਵੀ ਗਏ ਤਾਂ ਪੰਜਾਬੀਆਂ ਨੂੰ ਇਸਦਾ ਅਹਿਸਾਸ ਹੋਇਆ। ਉਸ ਦੇ ਅਸਰ ਵਜੋਂ ਪੰਜਾਬੀਆਂ ਨੇ ਪੰਜਾਬੀ ਨੂੰ ਅਪਨਾਉਣਾ ਸ਼ੁਰੂ ਕੀਤਾ। ਇਕ ਲਹਿਰ ਇਧਰੋਂ ਪੰਜਾਬੋਂ ਉਠੀ ਕਿ ਹਾਂ ਬਈ ਅਸੀਂ ਪੰਜਾਬੀ ਹਾਂ ਤੇ ਪੰਜਾਬੀ ਸਾਡੀ ਜ਼ਬਾਨ ਹੈ ਤੇ ਇਕ ਲਹਿਰ ਕਰਾਚੀ ਹੈਦਰਾਬਾਦ ਵਿਚ ਜੋ ਪੰਜਾਬੀ ਮੁੰਡੇ ਕੁੜੀਆਂ ਪੜ੍ਹਦੇ ਸਨ ਉਨ੍ਹਾਂ ਵਲੋਂ ਆਈ ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਹਰ ਕੋਈ ਸਾਨੂੰ 'ਪੰਜਾਬੀ' ਕਹਿਕੇ ਬੁਰਾ ਭਲਾ ਕਹਿੰਦਾ ਹੈ ਤਾਂ ਉਨ੍ਹਾਂ ਨੇ ਆਪਣੇ ਆਪ ਨੂੰ ਸਵੀਕਾਰ ਕਰਨਾ ਸ਼ੁਰੂ ਕੀਤਾ।

ਨਜ਼ਮ ਹੁਸੈਨ ਸਈਅਦ ਹੁਰਾਂ ਤੋਂ ਮੁਤਾਸਰ ਇਕ ਟੋਲਾ ਹੈ ਜੋ ਪੰਜਾਬੀ ਦੀ ਗੱਲ ਕਰਦਾ ਹੈ। ਇਸੇ ਤਰ੍ਹਾਂ ਅਸੀਂ ਕੁਝ ਦੋਸਤਾਂ ਨੇ ਰਲ ਕੇ ਪੰਜਾਬੀ ਲਈ ਮੂਵਮੈਂਟ ਸ਼ੁਰੂ ਕੀਤੀ ਹੈ। ਲਾਹੌਰ ਤੇ ਪਿੰਡੀ ਵਿਚ ਜਲੂਸ ਕਢੇ। ਸੈਂਕੜੇ ਲੋਕ ਜਲੂਸਾਂ ਤੇ ਪਹੁੰਚੇ। ਮੈਂ ਖੁਦ ੧੯੮੭ ਵਿਚ ਯੂਰਪ ਘੁੰਮ ਕੇ ਵਾਪਿਸ ਆਉਣ ਤੋਂ ਬਾਅਦ ਇਸ ਪਾਸੇ ਜ਼ਿਆਦਾ ਦਿਲਚਸਪੀ ਲੈਣ ਲੱਗਾ ਹਾਂ। ਮੇਰੀ ਪਹਿਲੀ ਕਿਤਾਬ 'ਪੰਜਾਬੀ ਜਬਾਨ ਨਹੀਂ ਮਰੇਗੀ' ਕਾਫੀ ਵਿਕੀ। ਹੁਣ ਉਸਦਾ ਤੀਸਰਾ ਐਡੀਸ਼ਨ ਛਪਣ ਵਾਲਾ ਹੈ। ਉਸ ਵਿਚ ਮੈਂ ਇਹ ਗੱਲ ਕੀਤੀ ਹੈ ਕਿ ਪੰਜਾਬੀ ਜ਼ਬਾਨ ਨੂੰ ਕਿੱਥੇ ਕਿੱਥੇ ਸੱਟ ਵੱਜ ਰਹੀ ਹੈ ਤੇ ਫ਼ਿਰੰਗੀ ਦੌਰ ਤੇ ਉਸ ਤੋਂ ਬਾਅਦ ਦੇ ਦੌਰ ਵਿਚ ਇਸਦਾ ਕੀ ਹਸ਼ਰ ਹੋਇਆ ਹੈ। ਕਿਵੇਂ ਸਕੂਲਾਂ ਵਿਚ ਮਾਸਟਰ ਤੇ ਮਿੱਸਾਂ ਬੱਚਿਆਂ ਨੂੰ ਮਨ੍ਹਾ ਕਰਦੇ ਹਨ ਕਿ 'ਪੰਜਾਬੀ ਮੇਂ ਬਾਤ ਨਹੀਂ ਕਰਤੇ, ਇਸ ਸੇ ਮਾਹੌਲ ਖ਼ਰਾਬ ਹੋਤਾ ਹੈ, ਇਸ ਸੇ ਯੇ ਹੋਤਾ ਹੈ।' ਉਸ ਸਾਰੇ ਲਾਸਾਨੀ ਤਸ਼ੱਦਦ ਦੀ ਕੈਫ਼ੀਅਤ ਮੈਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸ ਦੇ ਬਾਰੇ ਫਿਰ ਅਖਬਾਰਾਂ ਰਸਾਲਿਆਂ ਵਿਚ ਆਰਟੀਕਲ ਛਪੇ।

**ਸਵਾਲ**—ਯੂਰਪ ਤੋਂ ਵਾਪਸ ਜਾਣ ਬਾਦ ਕੀ ਕਾਰਨ ਬਣਿਆ ਕਿ ਤੁਸੀਂ ਪੰਜਾਬੀ ਲਈ ਕੰਮ ਕਰਨਾ ਸ਼ੁਰੂ ਕੀਤਾ?

**ਜਵਾਬ**—ਇਹ ਵੀ ਇਕ ਵਾਕਿਆ ਹੋਇਆ ਮੇਰੇ ਨਾਲ। ਗੱਲ ਐਸ ਤਰ੍ਹਾਂ ਹੈ ਕਿ ਇਕ ਜ਼ਬਾਨ ਹੈ ਐਸਪਰੈਂਟੋ। ਮੈਂ ਕਰੀਬ ੯-੧੦ ਸਾਲ ਇਸ ਜ਼ਬਾਨ ਦੀ ਖਿਦਮਤ ਕੀਤੀ ਹੈ। ਮੇਰੀਆਂ ਪੰਜ ਕਿਤਾਬਾਂ ਇਸ ਜ਼ਬਾਨ ਵਿਚ ਲਿਖੀਆਂ ਹੋਈਆਂ



Sri Satguru Jagjit Singh Ji eLibrary NamdhariElibrary@gmail.com

ਹਨ। ਇਹ ਜ਼ਬਾਨ ਸਿੱਖਣ ਲਈ ਮੈਂ ਦੁਨੀਆਂ ਦੇ ਕਈ ਮੁਲਕਾਂ ਵਿਚ ਜਾਂਦਾ ਰਿਹਾ ਹਾਂ, ਕਾਨਫਰੰਸਾਂ ਅਟੈਂਡ ਕਰਦਾ ਰਿਹਾ ਹਾਂ। ਇਕ ਵਾਰ ਮੈਂ ਪੂਰਬੀ ਯੂਰਪ ਦਾ ਟੂਰ ਕੀਤਾ, ਬਾਇ ਰੋਡ। ਈਰਾਨ, ਤੁਰਕੀ, ਬੁਲਗਾਰੀਆਂ ਤੋਂ ਯੂਗੋਸਲਾਵੀਆ ਪਹੁੰਚਾ। ਉਥੇ ਲੁਬਾਲਿਅਨ ਯੂਨੀਵਰਸਿਟੀ ਹੈ। ਉਥੇ ਯੂਨੀਵਰਸਿਟੀ ਵਿਚ ਮੇਰੇ ਨਾਲ ਐਸਪਰੈਂਟੋ ਜ਼ਬਾਨ ਦੀ ਜਾਣੂ ਔਰਤ ਦੋਸਤ ਜੋ ਕਿ ਚੀਨ ਵਿਚ ਮੇਰੀ ਦੋਸਤ ਬਣੀ ਸੀ, ਮੇਰੇ ਨਾਲ ਸੀ। ਉਥੇ ਲਾਇਬਰੇਰੀ ਵਿਚ ਮੈਂ ਕਿਤਾਬਾਂ ਦੇਖ ਰਿਹਾ ਸੀ ਵੱਖ ਵੱਖ ਜ਼ਬਾਨਾਂ ਦੀਆਂ। ਇਕ ਕਿਤਾਬ ਮੇਰੀ ਨਜ਼ਰ ਪਈ। ਮੈਂ ਆਪਣੀ ਦੋਸਤ ਨੂੰ ਪੁਛਿਆ ਕਿ ਇਹ ਕਿਹੜੀ ਜ਼ਬਾਨ ਹੈ, ਤਾਂ ਉਹ ਬੜੇ ਫਖ਼ਰ ਨਾਲ ਸੀਨਾ ਫੁਲਾ ਕੇ ਬੋਲੀ ਕਿ ਇਹ ਮੇਰੀ ਮਾਦਰੀ ਜ਼ਬਾਨ ਹੈ। ਉਸਨੇ ਇੰਨੇ ਜੋਸ਼ ਤੇ ਜਜ਼ਬੇ ਨਾਲ ਇਹ ਗੱਲ ਕਹੀ ਕਿ ਇਹ ਮੇਰੀ ਮਾਦਰੀ ਜ਼ੁਬਾਨ ਵਿਚ ਕਿਤਾਬਾਂ ਹਨ। ਉਸਦਾ ਇਹ ਫ਼ਿਕਰਾ ਮੇਰੇ ਜ਼ਿਹਨ ਵਿਚ ਕਲਿੱਕ ਕਰ ਗਿਆ। ਮੇਰੇ ਅੰਦਰ ਵੀ ਜਜ਼ਬਾ ਭੜਕ ਉਠਿਆ। ਮੈਂ ਮਹਿਸੂਸ ਕੀਤਾ ਕਿ ਮੈਂ ਆਪਣੀ ਮਾਦਰੀ ਜ਼ਬਾਨ ਪੰਜਾਬੀ ਵੱਲ ਕਦੀ ਧਿਆਨ ਹੀ ਨਹੀਂ ਦਿੱਤਾ। ਬੜਾ ਬੇਧਿਆਨੀ ਨਾਲ ਹੀ ਲਿਆ ਉਸਨੂੰ। ਹਾਲਾਂਕਿ ਮੈਂ ਪੰਜਾਬੀ ਦੀਆਂ ਕੁਝ ਕਿਤਾਬਾਂ ਦਾ ਐਸਪਰੈਂਟੋ ਵਿਚ ਤਰਜਮਾ ਕੀਤਾ ਸੀ ਲੇਕਿਨ ਮੇਰੇ ਅੰਦਰ ਇਸ ਕਿਸਮ ਦਾ ਜਜ਼ਬਾਤੀ ਤਅੱਲਕ ਜਗਾਉਣ ਲਈ ਉਸ ਲੜਕੀ ਦਾ ਸਿਹਰਾ ਹੈ। ਮੈਂ ਉਸ ਮੁਹਤਰਮਾ ਦਾ ਬੜਾ ਸ਼ੁਕਰਗੁਜ਼ਾਰ ਹਾਂ।

ਫਿਰ ਬਾਅਦ ਵਿਚ ਮੈਂ ਪੋਲੈਂਡ, ਆਸਟਰੀਆ, ਹੰਗਰੀ ਵਗੈਰਾ ਘੁੰਮਦਾ ਰਿਹਾ ਤੇ ਮੈਂ ਦੇਖਿਆ ਕਿ ਦੁਨੀਆ ਦੀ ਹਰ ਕਮਿਊਨਿਟੀ ਆਪਣੀ ਮਾਦਰੀ ਜ਼ਬਾਨ ਪੜ੍ਹ ਰਹੀ ਹੈ। ਵਾਪਸ ਪਾਕਿਸਤਾਨ ਆ ਕੇ ਮੈਂ ਲਾਹੌਰ ਵਿਚ ਆਪਣੀ ਵੱਡੀ ਭੈਣ ਨੂੰ ਉਸਦੇ ਘਰ ਮਿਲਣ ਗਿਆ ਤਾਂ ਮੈਂ ਉਸਦੀ ਬੱਚੀ ਨੂੰ ਪੰਜਾਬੀ ਵਿਚ ਕਿਹਾ ਕਿ ਕੁੜੀਏ ਛੇਤੀ ਛੇਤੀ ਮੇਰੇ ਲਈ ਪਾਣੀ ਲਿਆ ਤਾਂ ਉਹ 'ਛੇਤੀ ਛੇਤੀ' ਦਾ ਮਤਲਬ ਨਾ ਸਮਝੀ ਕਿਉਂਕਿ ਉਹ ਪੰਜਾਬੀ ਨਹੀਂ ਜਾਣਦੀ ਸੀ। ਮੈਂ ਉਨ੍ਹਾਂ ਦੇ ਘਰ ਪੰਜਾਬੀ ਬੋਲਣ ਲੱਗ ਪਿਆ ਤਾਂ ਮੇਰੀ ਭੈਣ ਬੋਲੀ ਕਿ ਵੀਰ ਤੂੰ ਮੇਰੇ ਨਾਲ ਪੰਜਾਬੀ ਬੋਲ ਲੈ ਪਰ ਇਨ੍ਹਾਂ ਬੱਚਿਆਂ ਨੂੰ ਪੰਜਾਬੀ ਨਾ ਸਿਖਾ, ਇਨ੍ਹਾਂ ਦੀ ਜ਼ਬਾਨ ਖ਼ਰਾਬ ਹੋ ਜਾਵੇਗੀ। ਮੈਂ ਕਿਹਾ ਮੈਂ ਉਰਦੂ ਕਿਉਂ ਬੋਲਾਂ ਇਨ੍ਹਾਂ ਨਾਲ, ਇਹ ਪੰਜਾਬੀ ਬੱਚੇ ਨੇ, ਮੈਂ ਪੰਜਾਬੀ ਹਾਂ, ਤਾਂ ਪੰਜਾਬੀ ਕਿਉਂ ਨਾ ਬੋਲਾਂ। ਉਹ ਕਹਿੰਦੀ ਕਿ ਅਸੀਂ ਬੱਚੇ 'ਬਦਤਮੀਜ਼' ਨਹੀਂ ਬਣਾਉਣੇ, ਯਾਨੀ ਉਸ ਨੇ ਲਫ਼ਜ਼ 'ਬਦਤਮੀਜ਼' ਵਰਤਿਆ ਪੰਜਾਬੀ ਬੋਲਣ ਵਾਲੇ ਲਈ। ਮੈਂ ਉਸਨੂੰ ਕਿਹਾ ਕਿ ਜੇਕਰ ਇਸ ਤਰ੍ਹਾਂ ਆਪਾਂ ਪੰਜਾਬੀ ਨਾ ਬੋਲਾਂਗੇ ਤਾਂ ਇਹ ਜ਼ੁਬਾਨ ਮਰ ਜਾਵੇਗੀ, ਜ਼ਿੰਦਾ ਨਹੀਂ ਰਹਿ ਸਕੇਗੀ। ਉਹ ਬੋਲੀ ਕਿ 'ਮਰਦੀ ਹੈ ਤਾਂ ਮਰ ਜਾਵੇ'। ਮੈਂ ਉਸਨੂੰ ਇਕ ਗੱਲ ਕਹੀ ਕਿ 'ਪੰਜਾਬੀ ਜ਼ਬਾਨ ਨਹੀਂ ਮਰੇਗੀ।' ਬਾਅਦ ਵਿਚ ਇਹੀ ਮੇਰੀ ਕਿਤਾਬ ਦਾ ਟਾਈਟਲ ਵੀ ਬਣ ਗਿਆ 'ਪੰਜਾਬੀ ਜ਼ਬਾਨ ਨਹੀਂ ਮਰੇਗੀ। ਮੈਂ ਉਸੇ ਵੇਲੇ ਆਪਣੀ ਭੈਣ ਦੇ ਘਰੋਂ ਉਠਿਆ ਜਿਹਲਮ ਗਿਆ ਤੇ ਸਿੱਧਾ ਪ੍ਰੈਸ ਵਿਚ ਜਾ ਕੇ ਮੈਂ ਇਕ ਹਜ਼ਾਰ ਵੱਡਾ ਸਾਰਾ ਇਸ਼ਤਿਹਾਰ ਛਪਵਾਇਆ 'ਪੰਜਾਬੀ ਜ਼ਬਾਨ ਨਹੀਂ ਮਰੇਗੀ।' ਉਹ ਇਸ਼ਤਿਹਾਰ ਛਪਵਾ ਕੇ ਮੈਂ ਘਰ ਨਹੀਂ ਗਿਆ। ਸਿੱਧਾ ਗੱਡੀ ਲੈ ਕੇ ਲਾਹੌਰ ਗਿਆ ਤੇ ਹਰ ਸਟੇਸ਼ਨ ਤੇ ਉਹ ਇਸ਼ਤਿਹਾਰ ਲਾਉਂਦਾ ਗਿਆ। ਕਾਫ਼ੀ ਔਖਾ ਹੋਣਾ ਪਿਆ ਮੈਨੂੰ। ਪਰ ਕਈ ਵਾਰੀ ਤੁਹਾਡੇ ਅੰਦਰ ਐਸਾ ਜਜ਼ਬਾ ਹੁੰਦਾ ਹੈ।

**ਸਵਾਲ**—ਹੁਣ ਜਦੋਂ ਤੁਸੀਂ ਇਸ ਕਿਸਮ ਦੀ ਜਦੋ-ਜਹਿਦ ਕਰ ਰਹੇ ਹੋ ਪੰਜਾਬੀ ਵਾਸਤੇ, ਤਾਂ ਤੁਹਾਨੂੰ ਕਿਸ ਕਿਸਮ ਦੀਆਂ ਮੁਸ਼ਕਿਲਾਂ ਪੇਸ਼ ਆਉਂਦੀਆਂ ਹਨ ਸਰਕਾਰ ਵਲੋਂ ਜਾਂ ਪਾਕਿਸਤਾਨ ਦੇ ਲੋਕਾਂ ਵਲੋਂ ?

**ਜਵਾਬ**—ਪਹਿਲਾਂ ਜਦੋਂ ਮੈਂ ਐਸਪਰੈਂਟੋ ਜ਼ੁਬਾਨ ਲਈ ਕੰਮ ਕਰਦਾ ਸੀ ਤਾਂ ਮੇਰੀਆਂ ਕਿਤਾਬਾਂ ਵੀ ਸਰਕਾਰ ਛਾਪਦੀ ਸੀ। ਮੈਨੂੰ ਕਿਸੇ ਨਾ ਕਿਸੇ ਮਜ਼ਮੂਨ ਬਾਰੇ ਟੀ. ਵੀ. ਉਪਰ ਵੀ ਸੱਦ ਲੈਂਦੇ ਸਨ ਤੇ ਰੇਡੀਓ ਉਪਰ ਮੈਂ ਕਿਤਨੇ ਹੀ ਇੰਟਰਵਿਊ ਕੀਤੇ ਉਸ ਗ਼ੈਰ ਮੁਲਕੀ ਜ਼ਬਾਨ ਲਈ। ਇਹ ਜ਼ਬਾਨ ਉਰਦੂ ਨੂੰ ਸਪੋਰਟ ਕਰਦੀ ਸੀ ਤੇ ਅੰਗਰੇਜ਼ੀ ਦੇ ਬਰਖ਼ਲਾਫ਼ ਸੀ। ਜਦੋਂ ਮੈਂ ਪੰਜਾਬੀ ਲਈ ਕੰਮ ਕਰਨਾ ਸ਼ੁਰੂ ਕੀਤਾ ਤਾਂ ਪਹਿਲਾਂ ਇਲਜ਼ਾਮ ਜੋ ਸਾਡੇ ਉਪਰ ਲੱਗਣ ਲੱਗਾ ਉਹ ਸੀ ਮੁਲਕ ਦੁਸ਼ਮਣੀ ਦਾ। ਮੈਂ ਪੜ੍ਹਾਉਣਾ ਵੀ ਉਰਦੂ ਦੀ ਬਜਾਏ ਪੰਜਾਬੀ ਵਿਚ ਸ਼ੁਰੂ ਕਰ ਦਿੱਤਾ। ਕਦੇ ਕਦੇ ਮੇਰੇ ਖ਼ਿਲਾਫ਼ ਕਿਸੇ ਅਖਬਾਰ ਵਿਚ ਛਪ ਜਾਣਾ ਕਿ 'ਉਸ ਕਾਲਜ ਮੇਂ ਇਲਾਕਾਈਤ ਪਸੰਦੀ ਕਾ ਮੁਜ਼ਾਹਰਾ ਹੋ ਰਿਹਾ ਹੈ।' ਮੇਰੇ ਉਪਰ ਕੌਮਨਿਸਟ ਹੋਣ ਦੇ ਲੇਬਲ ਲੱਗੇ। ਯਾਨੀ ਕਿ ਪੰਜਾਬੀ ਦੀ ਗੱਲ ਕਹਿਣ ਵਾਲੇ ਨੂੰ ਇਲਾਕਾਈਤ ਪਸੰਦ, ਕਮਿਊਨਿਸਟ, ਗੱਦਾਰ ਜਾਂ ਮੁਲਕ ਦੁਸ਼ਮਣ ਸਮਝਦੇ ਹਨ।

ਉਰਦੂ, ਇਸਲਾਮ ਤੇ ਪਾਕਿਸਤਾਨ ਇਹ ਤਿੰਨ ਥੰਮ ਸਨ ਮੁਸਲਿਮ ਲੀਗ ਦੇ ਤੇ ਅੱਜ ਵੀ ਪਾਕਿਸਤਾਨ ਦੀ ਸਰਕਾਰ ਇਨ੍ਹਾਂ ਥੰਮਾਂ ਉਪਰ ਹੀ ਖੜੋਤੀ ਹੈ। ਇਸ ਕਰਕੇ ਪੰਜਾਬੀ ਨੂੰ ਥਰੈੱਟ (ਧਮਕੀ) ਸਮਝਦੇ ਹਨ ਤੇ ਸਾਨੂੰ ਪੰਜਾਬੀ ਲਈ ਕੰਮ ਕਰਨ ਤੋਂ ਨਿਰਉਤਸ਼ਾਹਿਤ ਕਰਦੇ ਹਨ। ਸਾਡੇ ਰਸਾਲੇ ਲੋਕਾਂ ਤਕ ਪਹੁੰਚਣ ਨਹੀਂ ਦਿੰਦੇ। ਕਿਧਰੇ ਮੈਂ ਬੋਲਣਾ ਹੁੰਦਾ ਤਾਂ ਪਹਿਲਾਂ ਹੀ ਮੇਰੇ ਖਿਲਾਫ਼ ਪ੍ਰਾਪੇਗੰਡਾ ਕਰ ਦਿੰਦੇ ਹਨ ਕਿ ਇਹ ਮੁਲਕ ਦਾ ਦੁਸ਼ਮਣ ਹੈ। ਇਹ ਬਾਬਾ



Sri Satguru Jagjit Singh Ji eLibrary NamdhariElibrary@gmail.com

ਜਿਨਾਹ ਦੇ ਦੁਸ਼ਮਣ ਹਨ ਹਾਲਾਂਕਿ ਅਸੀਂ ਬਾਬਾ ਜਿਨਾਹ ਦੇ ਦੁਸ਼ਮਣ ਨਹੀਂ ਹਾਂ । ਅਸੀਂ ਤਾਂ ਸਰਕਾਰ ਤੋਂ ਇਹੀ ਮੰਗਦੇ ਹਾਂ ਕਿ ਜਿਤਨਾ ਹਿੱਸਾ ਉਰਦੂ ਵਿਚ ਸਾਡੇ ਸਿੰਧੀ ਭਰਾ ਪਾਉਣ ਨੂੰ ਤਿਆਰ ਹਨ ਜਾਂ ਪਠਾਣ ਭਰਾ ਜਾਂ ਬਲੋਚੀ ਭਰਾ ਪਾਉਣ ਨੂੰ ਤਿਆਰ ਹਨ, ਅਸੀਂ ਪੰਜਾਬੀ ਵੀ ਉਤਨਾ ਹੀ ਹਿੱਸਾ ਪਾਉਣ ਨੂੰ ਤਿਆਰ ਹਾਂ ਇਸ ਤੋਂ ਵੱਧ ਨਹੀਂ । ਜੇ ਉਹ ਸਾਡੇ ਤਿੰਨੇ ਭਰਾ ਆਪਣੀਆਂ ਜ਼ਬਾਨਾਂ ਵਿਚ ਅਖਬਾਰਾਂ ਛਾਪ ਕੇ ਜਾਂ ਉਨ੍ਹਾਂ ਨੂੰ ਸਕੂਲਾਂ ਵਿਚ ਪੜ੍ਹਾ ਕੇ ਨਾਲ ਉਰਦੂ ਵੀ ਪੜ੍ਹੀ ਜਾਂਦੇ ਹਨ ਤਾਂ ਸਾਨੂੰ ਪੰਜਾਬੀਆਂ ਨੂੰ ਇਹ ਹੱਕ ਕਿਉਂ ਨਹੀਂ ਪ੍ਰਾਪਤ ? ਸਾਡਾ ਵੀ ਪਾਕਿਸਤਾਨ ਉਪਰ ਉਤਨਾ ਹੀ ਹੱਕ ਹੈ ਜਿਤਨਾ ਇਨ੍ਹਾਂ ਤਿੰਨ੍ਹਾਂ ਦਾ । ਸਾਡੀ ਇਹ ਗੱਲ ਮੰਨੀ ਨਹੀਂ ਜਾਂਦੀ । ਸਾਨੂੰ ਕਹਿੰਦੇ ਹਨ ਕਿ ਸਿੰਧੀ ਤਾਂ ਗੱਦਾਰ ਹਨ ਉਹ ਉਰਦੂ ਦੇ ਦੁਸ਼ਮਣ ਹਨ ਪਰ ਤੁਸੀਂ ਤਾਂ ਅਸਲੀ ਪਾਕਿਸਤਾਨੀ ਹੋ । ਤੁਸੀਂ ਉਰਦੂ ਦੀ ਗੱਲ ਕਰੋ, ਤੁਸੀਂ ਆਪਣੀ ਜ਼ਬਾਨ ਦੀ ਕੁਰਬਾਨੀ ਦਿਉ । ਸੋ ਇਸ ਤਰ੍ਹਾਂ ਸਾਨੂੰ ਵਰਗਲਾ ਕੇ ਕਿ ਤੁਸੀਂ ਅਜ਼ੀਮ ਹੋ, ਸੱਚੇ ਪਾਕਿਸਤਾਨੀ ਹੈ, ਵਗੈਰਾ ਵਗੈਰਾ ਕਰਕੇ ਸਾਡੀ ਪੰਜਾਬੀ ਲਈ ਬਣੀ ਬਣਾਈ ਮੂਵਮੈਂਟ ਉਥੇ ਹੀ ਡਿੱਗ ਪੈਂਦੀ ਹੈ । 'ਕੁਕਨੂਸ' ਤੇ 'ਮੁਸੱਲੀ' ਦੋ ਡਰਾਮੇ ਮੇਜਰ ਸਾਹਿਬ ਦੇ ਬੜੇ ਮਸ਼ਹੂਰ ਡਰਾਮੇ ਹੋਏ ਹਨ । ਪੰਜਾਬੀ ਦੇ । ਪਰ ਬਾਕੀਆਂ ਦਾ ਪੰਜਾਬੀ ਬਾਰੇ ਕੋਈ ਖਾਸ ਅਲਹਿਦਾ ਰਵੱਈਆ ਨਹੀਂ ਇਸ ਬਾਰੇ ।

ਸਾਡਾ ਸਰਮਾਏਦਾਰ ਪੰਜਾਬੀ ਬੋਲ ਤਾਂ ਲੈਂਦਾ ਹੈ ਪਰ ਪੰਜਾਬੀ ਦੀ ਵੈਸੇ ਮਦਦ ਨਹੀਂ ਕਰਦਾ । ਇਸੇ ਤਰ੍ਹਾਂ ਕਵੀ ਦਰਬਾਰਾਂ ਵਿਚ ਵੀ ਸ਼ਾਇਰ ਲੋਕ ਆਪਸ ਵਿਚ ਬਹਿ ਕੇ ਵਾਹ ਵਾਹ ਤਾਂ ਕਰ ਲੈਂਦੇ ਹਨ ਤੇ ਠਰਕ ਪੂਰਾ ਕਰ ਲੈਂਦੇ ਹਨ ਪਰ ਪੰਜਾਬੀ ਲਈ ਲੜ ਨਹੀਂ ਸਕਦੇ, ਉਥੇ ਉਨ੍ਹਾਂ ਦੇ ਮਨਾਂ ਵਿਚ ਉਰਦੂ ਫਸ ਜਾਂਦੀ ਹੈ ।

ਅਸੀਂ ਉਰਦੂ ਨੂੰ ਸ਼ਖਸੀ, ਸਮਾਜੀ ਤੇ ਸਿਆਸੀ ਐਕਸਪਲਾਇਟੇਸ਼ਨ ਦਾ ਹਥਿਆਰ ਸਮਝਦੇ ਹਾਂ । ਉਰਦੂ ਸਾਡੀ ਜ਼ਬਾਨ ਨਹੀਂ ਹੈ । ਇਹ ਗੰਗਾ ਜਮਨਾ ਵੈਲੀ ਦੀ ਜ਼ੁਬਾਨ ਹੈ ਤੇ ਬਾਹਰੋਂ ਆਏ ਧਾੜਵੀਆਂ ਦੀ ਜ਼ਬਾਨ ਹੈ । ਧਾੜਵੀਆਂ ਨੇ ਸਾਡੇ ਉਤੇ ਹਕੂਮਤ ਕੀਤੀ ਹੈ । ਉਨ੍ਹਾਂ ਦੀ ਅਰਬੀ ਫਾਰਸੀ ਦੀ 'ਵੋਕੈਬਲਰੀ' ਹਿੰਦੀ ਵਿਚ ਗਈ ਤੇ ਉਹ ਬਾਅਦ ਵਿਚ ਉਰਦੂ ਬਣ ਗਈ ਰਲ ਰਲਾ ਕੇ, ਤੇ ਇਕ ਖਾਸ ਟੋਲੇ ਦੀ, ਨਵਾਬਾਂ ਵਗੈਰਾਂ ਦੀ ਜ਼ਬਾਨ ਬਣ ਗਈ ।

ਸੋ ਪੰਜਾਬੀ ਨੂੰ ਨੁਕਸਾਨ ਖ਼ੁਦ ਸਾਡੇ ਉਨ੍ਹਾਂ ਪੰਜਾਬੀਆਂ ਨੇ ਪਹੁੰਚਾਇਆ ਹੈ ਜਿਨ੍ਹਾਂ ਨੇ ਉਰਦੂ ਨੂੰ ਆਪਣੀ ਜ਼ਬਾਨ ਮੰਨਿਆ ਹੈ । ਫ਼ਰਾਂਸਿਸੀ ਸਕਾਲਰ ਜਾਂ ਪਾਲ ਸਾਰਤਰ ਕਹਿੰਦਾ ਹੈ ਕਿ ਬੰਦਾ ਪਰਾਈ ਬੋਲੀ ਵਿਚ ਕਿਰਾਏਦਾਰ ਹੁੰਦਾ ਹੈ । ਦੁਨੀਆਂ ਦੇ ਸਾਰੇ ਚੰਗੇ ਚੰਗੇ ਲੇਖਕ ਆਪਣੀ ਆਪਣੀ ਜ਼ਬਾਨ ਵਿਚ ਲਿਖਦੇ ਹਨ । ਜੋਹਨ ਮਿਲਟਨ ਭਾਵੇਂ ਲਾਤੀਨੀ ਤੇ ਯੂਨਾਨੀ ਜਬਾਨ ਦਾ ਮਾਹਰ ਸੀ ਪਰ ਉਹ ਆਪਣੀ ਜ਼ਬਾਨ ਵਿਚ ਹੀ ਲਿਖਦਾ ਸੀ । ਇਹੀ ਹਾਲ ਟੈਗੋਰ ਦਾ ਹੈ ।

ਦੁਨੀਆ ਦੇ ਜਿਤਨੇ ਧਾਰਮਿਕ ਆਗੂ ਹੋਏ ਹਨ ਜਿੰਨੇ ਵੀ ਨਬੀ ਹੋਏ ਹਨ ਉਨ੍ਹਾਂ ਨੇ ਆਪਣਾ ਪੈਗ਼ਾਮ ਲੋਕਾਂ ਨੂੰ ਉਨ੍ਹਾਂ ਦੀ ਜ਼ਬਾਨ ਵਿਚ ਦਿਤਾ ਹੈ । ਇਸਲਾਮ ਵੀ ਪੰਜਾਬ ਵਿਚ ਪੰਜਾਬੀ ਰਾਹੀ ਫੈਲਿਆ ਨਾ ਕਿ ਫਾਰਸੀ ਅਰਬੀ ਰਾਹੀਂ । ਕੁਰਾਨ ਵਿਚ ਵੀ ਲਿਖਿਆ ਹੈ ਕਿ ਲੋਕਾਂ ਨੂੰ ਪੈਗਾਮ ਉਨ੍ਹਾਂ ਦੀ ਜ਼ਬਾਨ ਵਿਚ ਹੀ ਦੇਣਾ ਚਾਹੀਦਾ ਹੈ । ਕਿਸੇ ਹੋਰ ਜ਼ਬਾਨ ਵਿਚ ਉਨ੍ਹਾਂ ਨੂੰ ਪੈਗ਼ਾਮ ਦੇਣਾ ਉਨ੍ਹਾਂ ਨਾਲ ਦਗਾ ਕਰਨਾ ਹੈ ।

**ਸਵਾਲ**—ਕੀ ਪੰਜਾਬੀ ਸਕੂਲਾਂ ਵਿਚ ਵੀ ਕਿਧਰੇ ਪੰਜਾਬੀ ਪੜ੍ਹਾਉਂਦੇ ਹਨ ?

**ਜਵਾਬ**—ਪ੍ਰਾਇਮਰੀ ਵਿਚ ਤਾਂ ਨਹੀਂ ਪਰ ਹਾਈ ਸਕੂਲਾਂ ਵਿਚ ਕਿਧਰੇ ਕਿਧਰੇ ਕੁਝ ਅਜਿਹੇ ਦੋਸਤ ਹਨ ਜਿਨ੍ਹਾਂ ਨੇ ਵਲੰਟੀਅਰ ਬੇਸਿਸ ਤੇ ਸਕੂਲ ਟਾਇਮ ਵਿਚ ਵੀ ਤੇ ਸਕੂਲ ਤੋਂ ਬਾਅਦ ਵੀ ਪੰਜਾਬੀ ਪੜ੍ਹਾਉਣੀ ਸ਼ੁਰੂ ਕੀਤੀ ਸੀ । ਜਿਸ ਤਰ੍ਹਾਂ ਜਨਾਬ ਹਨੀਫ਼ ਹਨਫੀ ਹਨ ਤੇ ਇਹੋ ਜਿਹੇ ਕੁਝ ਹੋਰ ਟੀਚਰ ਹਨ । ਪਰ ੭ ਕਰੋੜ ਆਬਾਦੀ ਹੈ ਪਾਕਿਸਤਾਨ ਦੀ, ਵਿਚੋਂ ਇਕ ਜਾਂ ਡੇਢ ਕਰੋੜ ਬੱਚੇ ਹੋਣਗੇ ਸਕੂਲਾਂ ਦੇ ਤੇ ਉਨ੍ਹਾਂ ਵਿਚ ਦੋ, ਚਾਰ ਜਾਂ ਦਸ ਹਜ਼ਾਰ ਕੁ ਬੱਚੇ ਹੀ ਪੜ੍ਹਦੇ ਹੋਣਗੇ ।

ਮੁਸ਼ਕਿਲ ਇਹ ਹੈ ਕਿ ਜਦੋਂ ਪੰਜਾਬੀ ਦੀ ਗੱਲ ਕਰੋ ਤਾਂ ਬਹੁਤ ਵਿਰੋਧਤਾ ਸ਼ੁਰੂ ਹੋ ਜਾਂਦੀ ਹੈ । ਇਹ ਸਾਰੀਆਂ ਮਜ਼ਹਬੀ ਜਮਾਤਾਂ ਪੰਜਾਬੀ ਨਾ ਪਸੰਦ ਹਨ । ਜਿਵੇਂ ਕਿ ਮੈਂ ਪਹਿਲਾਂ ਦਸਿਆ ਹੈ ਕਿ ਉਹ ਸਮਝਦੇ ਹਨ ਕਿ ਅਗਰ ਪੰਜਾਬੀ ਕੋ ਪੰਜਾਬ ਮੇਂ ਲਾਗੂ ਕਰ ਦੀਆ ਗਿਆ ਤੋ ਇਸਸੇ ਸਿੱਖ ਮੱਤ ਫੈਲਨੇ ਕਾ ਅੰਦੇਸ਼ਾ ਹੈ । ਪੰਜਾਬ ਦੇ ਸਾਰੇ ਉਪਰਲੇ ਫਿਰਕੇ ਉਰਦੂ ਬੋਲਣ ਵਾਲੇ ਇਲਾਕਿਆਂ ਤੋਂ ਆਏ ਹਨ ਜਿਵੇਂ ਦਿਓਬੰਦੀ-ਦਿਓਬੰਦ ਤੋਂ, ਬਰੇਲਵੀ ਬਰੇਲੀ ਤੋਂ ਮਦੂਦੀ ਹੈਦਰਾਬਾਦ ਤੋਂ । ਸੋ ਇਨ੍ਹਾਂ ਦੀ ਗੱਲ ਨੂੰ ਅਵਾਮ ਠੀਕ ਮੰਨ ਲੈਂਦਾ ਹੈ । ਮੈਨੂੰ ਇਸ ਤਰ੍ਹਾਂ ਲਗਦਾ ਹੈ ਕਿ ਇਨ੍ਹਾਂ ਦੀ ਕੋਈ ਲੰਬੀ ਸਕੀਮ ਹੈ ਇਕ ਵੱਡੀ ਉਰਦੂ ਬੋਲਣ ਵਾਲਿਆਂ ਦੀ ਬੈਲਟ ਬਣਾਉਣ ਦੀ । ਜਿਵੇਂ ਤੁਹਾਡੇ ਕਸ਼ਮੀਰ ਵਿਚ ਉਰਦੂ ਬੋਲਦੇ ਹਨ ਤੇ ਨਾਲ ਇਹ ਆਜ਼ਾਦ ਕਸ਼ਮੀਰ



Sri Satguru Jagjit Singh Ji eLibrary NamdhariElibrary@gmail.com

ਵਿਚ ਉਰਦੂ ਨੂੰ ਸ਼ਹਿ ਦੇ ਰਹੇ ਹਨ ਫਿਰ ਨਾਲ ਪੰਜਾਬ ਤੇ ਨਾਲ ਕਰਾਚੀ। ਸੋ ਇਸ ਤਰ੍ਹਾਂ ਇਹ ਇਕ ਉਰਦੂ ਬੋਲਣ ਵਾਲਿਆਂ ਦਾ ਦੇਸ਼ ਬਣਾਉਣਾ ਚਾਹੁੰਦੇ ਹਨ। ਪਰ ਮੇਰੇ ਖਿਆਲ ਵਿਚ ਇਹ ਸੋਚ ਗ਼ੈਰ ਫ਼ਿਤਰਤੀ ਹੈ, ਅਨ-ਨੈਚੁਰਲ ਹੈ।

**ਸਵਾਲ**—ਕੀ ਪੰਜਾਬੀ ਬੋਲੀ ਦੇ ਨਾਲ ਨਾਲ ਪੰਜਾਬੀਅਤ ਨੂੰ ਘਟਾਉਣ ਦੀ ਵੀ ਕੋਈ ਕੋਸ਼ਿਸ਼ ਹੁੰਦੀ ਹੈ?

**ਜਵਾਬ**—੨੩ ਮਾਰਚ ਨੂੰ ਇਕ ਸਰਕਾਰੀ ਪ੍ਰੋਗਰਾਮ ਹੁੰਦਾ ਹੈ ਤੇ ਉਸ ਵਿਚ ਵੱਖ ਵੱਖ ਸੂਬਿਆਂ ਦੇ ਪੈਵਲਿਅਨਾਂ ਦੀ ਨਮਾਇਸ਼ ਹੁੰਦੀ ਹੈ। ਇਸ ਤੋਂ ਇਲਾਵਾ ਇਸਲਾਮਬਾਦ ਵਿਚ ਇਕ ਸਰਕਾਰੀ ਮੇਲਾ ਲੱਗਦਾ ਹੈ, ਲੋਕ ਵਿਰਸਾ ਮੇਲਾ। ਇਹ ਐਸੀ ਥਾਂ ਲਗਦਾ ਹੈ ਜਿਥੇ ਆਮ ਲੋਕਾਂ ਦਾ ਆਉਣਾ ਬਹੁਤ ਮੁਸ਼ਕਲ ਹੁੰਦਾ ਹੈ ਕਿਉਂਕਿ ਇਹ ਸੜਕ ਤੋਂ ਦੂਰ ਹੁੰਦਾ ਹੈ। ਐਸੇ ਮੌਕਿਆਂ ਤੇ ਪੰਜਾਬੀ ਕੰਸਟਾਂ ਵਗੈਰਾ ਰਿਲੀਜ਼ ਕਰਦੇ ਹਨ ਤੇ ਭੰਗੜੇ ਸ਼ੰਗੜੇ ਤੇ ਢੋਲ ਵੱਜਦੇ ਹਨ। ਸਰਕਾਰ ਅਜੇ ਇਕ ਦਮ ਨਹੀਂ ਮਾਰਨਾ ਚਾਹੁੰਦੀ ਸੋ ਮਾੜਾ ਮੋਟਾ ਜਿਉਂਦਾ ਰਖਦੇ ਹਨ। ਪਰ ਇਤਨੇ ਹੀ ਛੋਟੇ ਜਿਹੇ ਕੰਮ ਨੂੰ ਅਖਬਾਰਾਂ ਵਾਲੇ ਬੜੇ ਵਧਾ ਚੜ੍ਹਾ ਕੇ ਲਿਖਦੇ ਹਨ ਕਿ ਮੁਲਕ ਦੀ ਕੌਮੀਅਤ ਨੂੰ ਨੁਕਸਾਨ ਪਹੁੰਚਾਇਆ ਜਾ ਰਿਹਾ ਹੈ। ਸੂਬਿਆਂ ਨੂੰ ਉਭਾਰਿਆ ਜਾ ਰਿਹਾ ਹੈ ਵਗੈਰਾ ਵਗੈਰਾ। ਬਦਕਿਸਮਤੀ ਨਾਲ ਅਖਬਾਰਾਂ ਦਾ ਸਾਰਾ ਕੰਟਰੋਲ ਉਰਦੂ ਬੋਲਣ ਵਾਲੇ ਲੋਕਾਂ ਦੇ ਹੱਥ ਵਿਚ ਹੈ। ਜਿਸ ਤਰ੍ਹਾਂ ਪਾਕਿਸਤਾਨ ਦਾ ਮਸ਼ਹੂਰ ਅਖਬਾਰ ਹੈ ਨਵਾਏ-ਵਕਤ। ਇਸ ਦਾ ਬਾਨੀ ਹਮੀਦ ਨਜ਼ਾਮੀ ਪੰਜਾਬੀ ਦਾ ਥੋੜ੍ਹਾ ਬਹੁਤ ਹਮਾਇਤੀ ਹੈ ਸੀ ਤੇ ਜਿਹੜਾ ਉਸਦਾ ਭਰਾ ਹੈ ਮਜੀਦ ਨਜ਼ਾਮੀ ਜੋ ਹੁਣ ਐਡੀਟਰ ਹੈ ਉਹ ਪੰਜਾਬੀ ਦਾ ਹਮਾਇਤੀ ਤਾਂ ਨਹੀਂ ਪਰ ਪੰਜਾਬੀ ਦੀ ਥੋੜ੍ਹੀ ਬਹੁਤੀ ਗੱਲ ਕਰਦਾ ਹੈ। ਪੰਜਾਬ ਦੇ ਹਕੂਕ ਦੀ ਗੱਲ ਵੀ ਕਰਦਾ ਹੈ ਲੇਕਿਨ ਨਾਲ ਨਾਲ ਪਾਕਿਸਤਾਨ ਦੀ ਵੀ ਗੱਲ ਕਰਦਾ ਹੈ। ਇਸ ਦੇ ਨਾਲ ਸਾਡੀ ਲਾਹੌਰ ਵਿਚ ਗੱਲਬਾਤ ਹੋਈ ਸੀ, ਕਹਿੰਦਾ ਅਸੀਂ ਤਾਂ ਇਹ ਮੁਲਕ ਪਾਕਿਸਤਾਨ ਬਣਾਇਆ ਹੀ ਉਰਦੂ ਖਾਤਿਰ, ਤੁਸੀਂ ਐਵੀਂ ਪੰਜਾਬੀ ਚੁਕੀ ਫਿਰਦੇ ਹੋ। ਮੈਂ ਇਸਨੂੰ ਜਵਾਬ ਦਿਤਾ ਕਿ ਭਾਈਆ ਜੇਕਰ ਤੁਸੀਂ ਇਹ ਮੁਲਕ ਉਰਦੂ ਲਈ ਹੀ ਬਣਾਉਣਾ ਸੀ ਤਾਂ ਯੂ. ਪੀ. ਬਿਹਾਰ ਜਾਂ ਸੀ. ਪੀ. ਵਿਚ ਬਣਾਉਂਦੇ ਜਿਥੇ ਉਰਦੂ ਬੋਲੀ ਜਾਂਦੀ ਹੈ। ਇਥੇ ਪੰਜਾਬ ਵਿਚ, ਸਿੰਧ ਵਿਚ ਆ ਕੇ ਸਾਡੇ ਗਲ ਕੀ ਸਿਆਪਾ ਪਾ ਦਿੱਤਾ ਹੈ। ਇਸ ਦਾ ਉਸ ਕੋਲ ਕੋਈ ਜਵਾਬ ਨਹੀਂ ਸੀ। ਸਾਡਾ ਕਹਿਣਾ ਇਹ ਹੈ ਕਿ ਅਸੀਂ ਵੀ ਪਾਕਿਸਤਾਨੀ ਹਾਂ, ਅਸੀਂ ਸੱਚੇ ਪਾਕਿਸਤਾਨੀ ਹਾਂ ਅਸੀਂ ਇਥੇ ਦੇ ਐਥਨਿਕ ਹਾਂ, ਰਹਿਣ ਵਾਲੇ ਇਥੋਂ ਦੇ ਅਤੇ ਅਸੀਂ ਉਨ੍ਹਾਂ ਨਾਲੋਂ ਵੱਧ ਪਾਕਿਸਤਾਨੀ ਹਾਂ ਜੋ ਪਾਕਿਸਤਾਨ ਉਪਰ ਉਰਦੂ ਠੋਸਣਾ ਚਾਹੁੰਦੇ ਹਨ। ਪਰ ਅਸੀਂ ਇਹ ਚਾਹੁੰਦੇ ਹਾਂ ਕਿ ਰੱਬ ਖ਼ੁਦ ਸਾਡੀ ਇਸਲਾਮੀ ਕਿਤਾਬ ਕੁਰਾਨ ਵਿਚ ਕਹਿੰਦਾ ਹੈ ਕਿ ਜਿਤਨੀਆਂ ਵੀ ਜ਼ਬਾਨਾਂ ਹਨ ਉਹ ਰੱਬ ਦੀਆਂ ਨਿਸ਼ਾਨੀਆਂ ਹਨ। ਜੇਕਰ ਉਰਦੂ ਜਾਂ ਅੰਗਰੇਜ਼ੀ ਰੱਬ ਦੀ ਨਿਸ਼ਾਨੀ ਹੈ ਤਾਂ ਪੰਜਾਬੀ ਵੀ ਉਸੇ ਦੀ ਨਿਸ਼ਾਨੀ ਹੈ। ਅਸੀਂ ਕਹਿੰਦੇ ਹਾਂ ਕਿ ਪਾਕਿਸਤਾਨ ਜ਼ਬਾਨਾਂ, ਰਹਿਤਲਾਂ ਤੇ ਕਲਚਰਾਂ ਦਾ ਇਕ ਖੂਬਸੂਰਤ ਗੁਲ-ਦਸਤਾ ਹੈ। ਇਸਨੂੰ ਸਵਿਟਜ਼ਰਲੈਂਡ ਵਾਂਗੂ ਇਸੇ ਤਰ੍ਹਾਂ ਰਹਿਣ ਦਿਤਾ ਜਾਵੇ ਤੇ ਵਧਣ ਫੁਲਣ ਦਿਤਾ ਜਾਵੇ। ਉਸ ਉਪਰ ਹਦਬੰਦੀ ਨਾ ਲਾਈ ਜਾਏ। ਕਲਚਰ ਦੀਆਂ ਜੜ੍ਹਾਂ ਉਥੇ ਦੀ ਜ਼ਮੀਨ ਵਿਚ ਹੁੰਦੀਆਂ ਹਨ। ਇਹ ਨਾ ਤਾਂ ਖਲਾਅ ਵਿਚੋਂ ਥੱਲੇ ਉਤਰਦਾ ਹੈ ਨਾ ਹਵਾ ਵਿਚ ਹੁੰਦਾ ਹੈ ਤੇ ਨਾ ਹੀ ਇਹ ਬਾਹਰੋਂ ਮੰਗਵਾਇਆ ਜਾਂਦਾ ਹੈ। ਇਹ ਤਾਂ ਉਸ ਧਰਤੀ ਉਪਰ ਹਜ਼ਾਰਾਂ ਸਾਲਾਂ ਵਿਚ ਬਣਦਾ ਹੈ। ਪਾਕਿਸਤਾਨ ਵਿਚਲੇ ਕਲਚਰ ਦੀਆਂ ਜੜ੍ਹਾਂ ਪੰਜਾਬ ਵਿਚ ਨੇ, ਮੋਹਿੰਜੋਦੜੋ ਤੇ ਹੜੱਪਾ ਵਿਚ ਨੇ, ਸਾਡੇ ਲੋਕ ਗੀਤਾਂ ਤੇ ਬੋਲੀਆਂ ਵਿਚ ਹਨ, ਤਮਾਮ ਰਸਮਾਂ, ਰਿਵਾਜਾਂ, ਅਖਾਣ, ਮੁਹਾਵਰਿਆਂ ਵਿਚ ਹਨ, ਇਨ੍ਹਾਂ ਨੂੰ ਕਾਇਮ ਰਖਣਾ ਚਾਹੀਦਾ ਹੈ। ਇਹ ਜੜ੍ਹਾਂ ਇਕ ਨਸਲ ਤੋਂ ਦੂਸਰੀ ਨਸਲ ਤਕ ਆਪਣੇ ਆਪ ਟਰਾਂਸਫਰ ਹੁੰਦੀਆਂ ਹਨ। ਪਰ ਜੋ ਕੁਝ ਸਾਡੇ ਹੋ ਰਿਹਾ ਹੈ, ਕਲਚਰ ਤੇ ਹੱਦਬੰਦੀ ਲਾ ਕੇ, ਉਸ ਦੀਆ ਜੜ੍ਹਾਂ ਵੱਢ ਕੇ, ਇਲੈਕ-ਟਰੋਨਿਕ ਮੀਡੀਏ ਨਾਲ ਹਵਾਈ ਕਲਚਰ ਸਾਡੇ ਉਪਰ ਤਸੱਲਤ ਕੀਤਾ ਜਾ ਰਿਹਾ ਹੈ। ਇਸ ਨਾਲ ਦਿਮਾਗੀ ਤੌਰ ਉਪਰ ਬੌਣੀ ਨਸਲ ਪੈਦਾ ਹੋ ਰਹੀ ਹੈ, ਡੰਗਰ ਪੈਦਾ ਹੋ ਰਹੇ ਹਨ। ਅੱਖਾਂ ਤੇ ਪੱਟੀ ਬੰਨ੍ਹੀ ਹੋਈ ਵਾਲੀਆਂ ਜੋਕਾਂ ਪੈਦਾ ਹੋ ਰਹੀਆਂ ਹਨ। ਜਿਸ ਤਰ੍ਹਾਂ ਇਕ ਜਗਹ ਦਾ ਪੌਦਾ ਕਿਸੇ ਹੋਰ ਦੂਰ ਦੁਰਾਡੇ ਮੁਲਕ ਲਗਾ ਦਿਤਾ ਜਾਵੇ ਜਿਵੇਂ ਮੁਲਤਾਨ ਦਾ ਅੰਬ ਵੈਨਕੂਵਰ ਵਿਚ ਲਗਾ ਦਿਤਾ ਜਾਵੇ ਤਾਂ ਉਹ ਫਲ ਨਹੀਂ ਦੇ ਸਕੇਗਾ। ਸੋ ਅਸੀਂ ਸਮਝਦੇ ਹਾਂ ਕਿ ਇਥੋਂ ਦੇ ਕਲਚਰ ਨੂੰ ਬੁਨਿਆਦ ਬਣਾ ਕੇ ਪਾਕਿਸਤਾਨ ਇਕ ਖੂਬਸੂਰਤ, ਪੜ੍ਹਿਆ ਲਿਖਿਆ ਤੇ ਤਾਕਤਵਰ ਮੁਲਕ ਬਣ ਸਕਦਾ ਹੈ ਜਿਸ ਨਾਲ ਅਸੀਂ ਆਲਮੀ ਅਮਨ ਤੇ ਇਨਸਾਨੀ ਦੋਸਤੀ ਵਿਚ ਕਿਰਦਾਰ ਅਦਾ ਕਰ ਸਕਦੇ ਹਾਂ।

**ਸਵਾਲ**—ਪਾਕਿਸਤਾਨ ਵਿਚ ਸਕਿਓਰਿਟੀ ਪੱਖੋਂ ਇਹ ਕਿਹਾ ਜਾਂਦਾ ਹੈ ਕਿ ਜੇਕਰ ਪੰਜਾਬੀ ਜਾਂ ਹੋਰ ਭਾਸ਼ਾਵਾਂ ਨੂੰ ਵੱਧਣ ਫੁਲਣ ਦਿਤਾ ਤਾਂ ਪਾਕਿਸਤਾਨ ਦੀ ਹੋਂਦ ਨੂੰ ਖਤਰਾ



Sri Satguru Jagjit Singh Ji eLibrary NamdhariElibrary@gmail.com

ਹੋ ਸਕਦਾ ਹੈ । ਕੀ ਇਹ ਖਤਰਾ ਬਾਹਰੀ ਹੈ ਜਾਂ ਉਥੋਂ ਦੀ ਹਾਕਮ ਜਮਾਤ ਦੀ ਹੋਂਦ ਲਈ ਅੰਦਰੂਨੀ ਖਤਰਾ ਹੈ ?

**ਜਵਾਬ** —ਬਹੁਤਾ ਤਾਂ ਅੰਦਰੂਨੀ ਹੀ ਹੈ । ਕੁਝ ਖਤਰਾ ਬਾਹਰੋਂ ਵੀ ਹੈ । ਜਿਵੇਂ ਪੰਜਾਬ ਦੇ ਮੁੜ ਸਾਂਝੇ ਹੋਣ ਦੇ ਅੰਦੇਸ਼ੇ ਹਨ ਜਿਵੇਂ ਜਰਮਨੀ ਵਿਚ ਹੋਇਆ ਹੈ । ਉਹ ਪੰਜਾਬ ਜਿਸਨੂੰ ਤਬਾਹ ਕਰਨ ਲਈ ਕਾਂਗਰਸ ਤੇ ਮੁਸਲੀਮ ਲੀਗ ਨੇ ਇਤਨੀਆਂ ਕੋਸ਼ਿਸ਼ਾਂ ਕੀਤੀਆਂ ਨਫਰਤ ਪੈਦਾ ਕਰਕੇ, ਉਸਨੂੰ ਨੇੜੇ ਹੋ ਲੈਣ ਦੇਣਗੇ ?

**ਸਵਾਲ**—ਤੁਸੀਂ ਵੱਖ ਵੱਖ ਤਾਕਤਾਂ ਦੀ ਗੱਲ ਕਰਦੇ ਹੋ ਜਿਨ੍ਹਾਂ ਨੇ ਪੰਜਾਬੀ ਨੂੰ ਨੁਕਸਾਨ ਪਹੁੰਚਾਇਆ, ਤੁਹਾਡੇ ਖਿਆਲ ਵਿਚ ਸਭ ਤੋਂ ਵੱਧ ਨੁਕਸਾਨ ਕਿਸਨੇ ਪਹੁੰਚਾਇਆ ?

**ਜਵਾਬ**—ਸਭ ਤੋਂ ਵੱਧ ਨੁਕਸਾਨ ਪਹੁੰਚਾਇਆ ਫਿਰੰਗੀ ਨੇ । ਹਿੰਦੁਸਤਾਨ ਉਨ੍ਹਾਂ ਨੇ ਪਹਿਲਾਂ ਫਤਿਹ ਕਰ ਲਿਆ ਸੀ ਪਰ ਪੰਜਾਬ ਆਖਰ ਵਿਚ ਫਤਿਹ ਹੋਇਆ । ਇਥੋਂ ਹੀ ਅੰਗਰੇਜ਼ ਨੂੰ ਸਭ ਤੋਂ ਵਧ ਵਿਰੋਧਤਾ ਮਿਲੀ । ਚੇਲਿਆਂ ਵਾਲਾ, ਗੁਜਰਾਤ ਦੀ ਜੰਗ ਬੜੀ ਮਸ਼ਹੂਰ ਹੈ । ਇਥੇ ਅੰਗਰੇਜ਼ ਨੂੰ ਰੱਜ ਕੇ ਫੈਂਟ ਪਈ, ਟਰੱਕਾਂ ਦੇ ਟਰੱਕ ਉਹ ਲਾਸ਼ਾਂ ਭਰ ਕੇ ਲੈ ਗਏ ਸਨ । ਅੰਗਰੇਜ਼ ਦੇ ਖਿਲਾਫ ਸਿੱਖ, ਹਿੰਦੂ, ਮੁਸਲਮਾਨ ਸਭ ਰਲ ਕੇ ਲੜੇ ਸਨ । ਸੋ ਅੰਗਰੇਜ਼ ਨੂੰ ਸਭ ਤੋਂ ਵੱਧ ਖਤਰਾ ਪੰਜਾਬ ਤੋਂ ਮਹਿਸੂਸ ਹੋਇਆ । ਉਸਨੇ ਸਭ ਤੋਂ ਪਹਿਲਾਂ ਪੰਜਾਬ ਦੀ ਜ਼ਬਾਨ ਪੰਜਾਬੀ ਜੋ ਕਿ ਉਸ ਵੇਲੇ ਮਦਰਸਿਆਂ ਵਿਚ ਪੜ੍ਹਾਈ ਜਾਂਦੀ ਸੀ ਹਟਾ ਕੇ ਉਰਦੂ ਜ਼ਬਾਨ ਲਗਵਾ ਦਿੱਤੀ ਕਿਉਂਕਿ ਅੰਗਰੇਜ਼ ਦੇ ਸਿਪਾਹੀ ਉਰਦੂ ਸਮਝ ਸਕਦੇ ਸਨ । ਬਾਕੀ ਹਿੰਦੁਸਤਾਨ ਨੂੰ ਜਿੱਤਣ ਤੋਂ ਬਾਅਦ ਹਿੰਦੁਸਤਾਨੀ ਸਿਪਾਹੀ ਬਹੁਤ ਸਨ ਉਸਦੀ ਫੌਜ ਵਿਚ ਤੇ ਉਸਦੇ ਆਧਾਰ ਤੇ ਅੰਗ-ਰੇਜ਼ ਦਾ ਉਰਦੂ ਨਾਲ ਰਾਬਤਾ ਬਣ ਚੁੱਕਾ ਸੀ । ਉਨ੍ਹਾਂ ਨੇ ਸੋਚਿਆ ਕਿ ਪੰਜਾਬ ਜੇਕਰ ਬੇਜ਼ਬਾਨ ਹੋਵੇਗਾ ਤਾਂ ਉਸਨੂੰ ਅਸੀਂ ਆਪਣੇ ਮੁਫਾਦ ਲਈ ਵਰਤ ਸਕਦੇ ਹਾਂ ।

ਜਿਸ ਤਰ੍ਹਾਂ ਕਿਸੇ ਜਾਨਵਰ ਨੂੰ ਜ਼ਿਬਹ ਕਰਨ ਤੋਂ ਪਹਿਲਾਂ ਉਸਦੀ ਜ਼ੁਬਾਨ ਕੱਢਕੇ ਉਸਦੇ ਬੂਟਾਂ ਥੱਲੇ ਦੱਬ ਦਿੰਦੇ ਹਨ ਤਾਂ ਕਿ ਉਹ ਵਿਰੋਧ ਨਾ ਕਰ ਸਕੇ ਜਾਂ ਰੌਲਾ ਨਾ ਪਾ ਸਕੇ । ਇਸ ਤਰ੍ਹਾਂ ਅੰਗਰੇਜ਼ ਵਲੋਂ ਪੰਜਾਬ ਨੂੰ ਜ਼ਿਬਹ ਕਰਨ ਤੋਂ ਪਹਿਲਾਂ ਉਸਦੀ ਜ਼ੁਬਾਨ ਖੋਹਣ ਦੀ ਕੋਸ਼ਿਸ਼ ਹੋਣ ਲਗ ਪਈ । ਉਸ ਉਪਰ ਉਰਦੂ ਠੋਸ ਦਿੱਤਾ ਗਿਆ । ਇਹੀ ਕਰਨ ਨਾਲ ਉਸ ਲਈ ਪੰਜਾਬ ਨੂੰ ਆਪਣੇ ਮੁਫਾਦ ਲਈ ਵਰਤਣਾ ਸੌਖਾ ਹੋ ਗਿਆ । ਪਹਿਲੀ ਜੰਗੇ ਅਜ਼ੀਮ ਤੇ ਦੂਸਰੀ ਜੰਗੇ ਅਜ਼ੀਮ ਵਿਚ ਪੰਜਾਬੀ ਫੌਜੀ ਅੰਗਰੇਜ਼ ਦੀ ਖਾਤਿਰ ਲੜੇ ਤੇ ਮਰੇ । ਸੋ ਮੈਂ ਇਹ ਸਮਝਦਾ ਕਿ ਅੰਗਰੇਜ਼ ਨੇ ਪੰਜਾਬੀ ਨਾਲ ਸਭ ਤੋਂ ਵਧ ਧਰੋਹ ਕੀਤਾ । ਹਾਲਾਂਕਿ ਉਨ੍ਹਾਂ ਨੇ ਬਾਕੀ ਸੂਬਿਆਂ ਵਿਚ ਉਨ੍ਹਾਂ ਦੀ ਬੋਲੀ ਹੀ ਚਾਲੂ ਰਖੀ, ਜਿਵੇਂ ਬੰਗਾਲ ਵਿਚ ਬੰਗਾਲੀ, ਸਿੰਧ ਵਿਚ ਸਿੰਧੀ ਰਖੀ, ਪਰ ਪੰਜਾਬ ਵਿਚ ਉਸਨੇ ਆਪਣੇ ਮਕਸਦ ਲਈ ਉਰਦੂ ਹੀ ਪਰਚਲਿਤ ਕੀਤੀ । ਅੰਗਰੇਜ਼ ਦੇ ਖਿਲਾਫ ਲੜਨ ਵਾਲਿਆਂ ਵਿਚ ਵੀ ਪੰਜਾਬੀ ਸਭ ਤੋਂ ਅੱਗੇ ਸਨ । ਕੁਲ ੨੯੦੦ ਫਾਂਸੀਆਂ ਹੋਈਆਂ ਹਿੰਦੁਸਤਾਨੀਆਂ ਨੂੰ ਤੇ ਵਿਚੋਂ ੨੫੦੦ ਪੰਜਾਬੀ ਸਨ । ਸੋ ਸਾਨੂੰ ਇਹ ਨਾਜ਼ ਹੈ ਕਿ ਸਾਡੇ ਬਜ਼ੁਰਗਾਂ ਨੇ ਸਭ ਤੋਂ ਵੱਧ ਹਿੱਸਾ ਲਿਆ ਹੈ ਅਜ਼ਾਦੀ ਦੀ ਲੜਾਈ ਵਿਚ । ਅੰਗਰੇਜ਼ ਨੇ ਪੰਜਾਬ ਵਿਚ ਝੁੱਗੀ ਝੁੱਗੀ ਉਤੇ ਪਹਿਰਾ ਲਾ ਰਖਿਆ ਸੀ ਕਿਉਂਕਿ ਪੰਜਾਬ ਵਿਚ ਝੁੱਗੀ ਝੁੱਗੀ ਵਿਚ ਮਾਵਾਂ ਭਗਤ ਸਿੰਘ ਜਾਂ ਖਰਲ, ਫਰਿਆਜ਼ ਫੱਤੂਆਣਾ ਤੇ ਦੁੱਲਾ ਭੱਟੀ ਜੰਮਦੀਆਂ ਸਨ । ਇਹ ਝੁੱਗੀ ਝੁੱਗੀ ਉਪਰ ਪਹਿਰਾ ਸਾਡੇ ਪੰਜਾਬ ਵਿਚ ਅਜੇ ਵੀ ਸੀ. ਆਈ. ਡੀ. ਰੱਖਦੀ ਹੈ । ਸੋ ਪਹਿਲਾਂ ਅੰਗਰੇਜ਼ ਨੇ ਸਾਡੀ ਜ਼ਬਾਨ ਖੋਹ ਲਈ ਫਿਰ ਝੁੱਗੀ ਝੁੱਗੀ ਤੇ ਪਹਿਰਾ ਲਾ ਦਿੱਤਾ ਤੇ ਇਨ੍ਹਾਂ ਗੱਲਾਂ ਨੇ ਪਹਿਲੀ ਸੰਸਾਰ ਜੰਗ ਜਾਂ ਦੂਜੀ ਸੰਸਾਰ ਜੰਗ ਵਿਚ ਜੋ ਕਿਰਦਾਰ ਅਦਾ ਕੀਤਾ ਉਹ ਤੁਹਾਡੇ ਸਾਹਮਣੇ ਹੈ ।

**ਸਵਾਲ**—ਭਾਰਤ ਵਿਚਲੇ ਪੰਜਾਬ ਦੇ ਕੁਝ ਟੀ. ਵੀ. ਪ੍ਰੋਗਰਾਮ ਤੁਹਾਡੇ ਪੰਜਾਬ ਦੇ ਕੁਝ ਹਿਸਿਆਂ ਵਿਚ ਵੀ ਪਹੁੰਚਦੇ ਹੋਣਗੇ । ਕੀ ਉਨ੍ਹਾਂ ਦਾ ਵੀ ਕੋਈ ਰੋਲ ਹੈ ਦੋਹਾਂ ਪੰਜਾਬਾਂ ਦੀ ਆਪਸੀ ਸਾਂਝ ਵਧਾਉਣ ਵੱਲ ?

**ਜਵਾਬ** - ਹਾਂ ਜੀ ਇਸਦਾ ਬੜਾ ਵੱਡਾ ਤੱਅਲੁਕ ਹੈ ਸਾਂਝ ਵਧਾਉਣ ਵਿਚ । ਮੈਂ ਤਾਂ ਇਹ ਵੀ ਸਮਝਦਾ ਹਾਂ ਕਿ ਜਿਹੜੇ ਸਿੱਖ ਲੋਕ ਉਧਰ ਨੂੰ ਲਾਹੌਰ ਜਾਂ ਨਨਕਾਣਾ ਸਾਹਿਬ ਦੀ ਯਾਤਰਾ ਨੂੰ ਜਾਂਦੇ ਹਨ ਉਹ ਚੰਗੇ ਗੀਤਾਂ ਦੀਆਂ ਟੇਪਾਂ ਜਿਵੇਂ ਮਾਹੀਆ ਤੇ ਹੋਰ ਲੋਕ ਗੀਤਾਂ ਦੀਆਂ ਟੇਪਾਂ ਨਾਲ ਲੈ ਜਾਂਦੇ ਹਨ ਤੇ ਉਹ ਬੜੀ ਚੰਗੀ ਫੀਲਿੰਗ ਪੈਦਾ ਕਰਦੀਆਂ ਹਨ । ਇਸ ਤੋਂ ਇਲਾਵਾ ਜੋ ਹੋਰ ਪੰਜਾਬੀ ਦਾ ਫੋਕ ਉਠ ਰਿਹਾ ਹੈ ਲੰਡਨ ਤੋਂ ਜਾਂ ਕੈਨੇਡਾ ਤੋਂ ਜਿਵੇਂ ਹੀਰਾ ਗਰੁੱਪ ਜਾਂ ਅਲਾਪ ਗਰੁੱਪ ਇਹਨਾਂ ਨੂੰ ਵੀ ਬਹੁਤ ਲੋਕ ਪਸੰਦ ਕਰਦੇ ਹਨ । ਸੋ ਇਹੋ ਜਿਹੇ ਚੰਗੇ ਚੰਗੇ ਗੀਤਾਂ ਦੀਆਂ ਟੇਪਾਂ ਦੋਨੋਂ ਪਾਸੇ ਤੋਹਫਿਆਂ ਦੇ ਤੌਰ ਵੰਡਣੀਆਂ ਚਾਹੀਦੀਆਂ ਹਨ । ਜਿਵੇਂ ਮੈਨੂੰ ਪਤਾ ਹੈ ਕਿ ਤੁਹਾਡੇ ਪੰਜਾਬ ਵਾਲੇ ਪਾਸੇ ਸਾਡੇ ਰੇਸ਼ਮਾ, ਆਲਿਮ ਲੁਹਾਰ, ਸ਼ੌਕਤ ਅਲੀ ਜਾਂ ਅਤਾਉਲਾ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ । ਸੋ ਇਸ ਤਰ੍ਹਾਂ ਲਾਜ਼ਮੀ ਤੌਰ ਤੇ ਸਾਂਝ ਵਧਦੀ ਹੈ ਤੇ ਵਧਣੀ ਚਾਹੀਦੀ ਹੈ । ਹੋ ਸਕੇ ਤਾਂ ਇਸਨੂੰ ਹੋਰ ਵਧਾਓ ।



Sri Satguru Jagjit Singh Ji eLibrary NamdhariElibrary@gmail.com

**ਸਵਾਲ**—ਜਿਹੜੇ ਪੰਜਾਬੀ ਬੋਲਣ ਵਾਲੇ ਲੋਕ ਪਾਕਿਸਤਾਨ ਜਾਂ ਹਿੰਦੁਸਤਾਨ ਦੇ ਪੰਜਾਬ ਤੋਂ ਬਾਹਰਲੇ ਮੁਲਕਾਂ ਵਿਚ ਵਸਦੇ ਹਨ ਉਹ ਤੁਹਾਡੀ ਪੰਜਾਬੀ ਵਾਸਤੇ ਇਸ ਜਦੋਜਹਿਦ ਵਿਚ ਕੀ ਰੋਲ ਅਦਾ ਕਰ ਸਕਦੇ ਹਨ ?

**ਜਵਾਬ**—ਦੁਨੀਆਂ ਦੀਆਂ ਉਹ ਤਮਾਮ ਕਮਿਊ-ਨਿਟੀਆਂ, ਚਾਹੇ ਉਨ੍ਹਾਂ ਦਾ ਧਰਮ ਕੋਈ ਵੀ ਹੈ ਬਹੁਤ ਕਾਮਯਾਬ ਹਨ ਜਿਨ੍ਹਾਂ ਨੇ ਆਪਣੀ ਜ਼ੁਬਾਨ ਨਹੀਂ ਛੱਡੀ। ਜਿਸ ਤਰ੍ਹਾਂ ਵੱਡੀ ਮਿਸਾਲ ਅੰਗਰੇਜ਼ ਦੀ ਹੀ ਲੈ ਲਵੋ। ਇਹ ਜਿਥੇ ਵੀ ਵਸਦੇ ਹਨ ਅੰਗਰੇਜ਼ੀ ਬੋਲਦੇ ਹਨ ਤੇ ਇਸ ਨਾਲ ਇਨ੍ਹਾਂ ਨੇ ਸਾਰੀ ਦੁਨੀਆਂ ਉਪਰ ਆਪਣੀ ਪਕੜ ਕਾਇਮ ਕੀਤੀ ਹੋਈ ਹੈ। ਪਾਕਿਸਤਾਨ ਵਿਚ ਇਕ ਨਿੱਕੀ ਜਿਹੀ ਮਨੋਰਟੀ ਹਨ ਇਸਮਾਇਲੀ ਪਰ ਉਹ ਦੁਨੀਆਂ ਵਿਚ ਜਿੱਥੇ ਵੀ ਹੋਣਗੇ ਆਪਣੀ ਜ਼ੁਬਾਨ ਜ਼ਰੂਰ ਕਾਇਮ ਰਖਣਗੇ। ਇਸ ਤਰ੍ਹਾਂ ਜ਼ੁਬਾਨ ਦੇ ਰਾਹੀਂ ਇਨ੍ਹਾਂ ਦੀ ਮੁਆਸ਼ੀ (ਆਰਥਕ) ਫਾਇਦੇ ਚੁਕਣੇ ਲਈ ਇਕ ਗਰੋਹ ਬਣਦਾ ਹੈ। ਮੈਂ ਇਹ ਸਮ-ਝਦਾ ਹਾਂ ਕਿ ਜਿਹੜੇ ਪੰਜਾਬੀ ਚਾਹੇ ਕਿਤੇ ਵੀ ਵਸਦੇ ਹਨ ਬ਼ਗੈਰ ਸਿੱਖ ਮੁਸਲਮਾਨ ਦਾ ਫ਼ਰਕ ਕੀਤਿਆਂ ਇਕ ਦੂਜੇ ਨੂੰ ਮੁਆਸ਼ੀ ਫਾਇਦੇ ਪਹੁੰਚਾ ਸਕਦੇ ਹਨ। ਬਾਹਰ ਵਸਦੇ ਪੰਜਾਬੀਆਂ ਨੂੰ ਚਾਹੀਦਾ ਹੈ ਕਿ ਉਧਰੋਂ ਗੀਤਾਂ ਦੀਆਂ ਕੈਸਟਾ ਮੰਗਾਉਣ, ਰਸਾਲੇ ਮੰਗਾਉਣ, ਕਿਤਾਬਾਂ ਮੰਗਾਉਣ ਤੇ ਪੜ੍ਹਨ। ਉਨ੍ਹਾਂ ਦੀ ਮਦਦ ਹੁੰਦੀ ਹੈ ਇਸ ਤਰ੍ਹਾਂ ਤੇ ਤਾਕਤ ਕਾਇਮ ਰਹਿੰਦੀ ਹੈ। ਜਿਸ ਤਰ੍ਹਾਂ ਯਹੂਦੀਆਂ ਨੂੰ ਹਜ਼ਾਰਾਂ ਸਾਲਾਂ ਬਾਦ ਖਿਆਲ ਆਇਆ ਕਿ ਅਸੀਂ ਆਪਣੀ ਜ਼ਬਾਨ ਹਿਬਰਿਊ ਕਢਣੀ ਹੈ, ਸੋ ਉਹਦੇ ਨਾਲੋਂ ਚੰਗਾ ਹੈ ਕਿ ਪਹਿਲਾਂ ਹੀ ਆਪਣੀ ਜ਼ਬਾਨ ਆਪਣਾ ਕਲਚਰ ਸੰਭਾਲ ਲਿਆ ਜਾਵੇ। ਇਸ ਵਿਚ ਕੋਈ ਹਰਜ ਨਹੀਂ ਹੈ। ਸਾਨੂੰ ਪੰਜਾਬੀਆਂ ਨੂੰ ਇਕ ਦੂਜੇ ਨਾਲ ਤਅੱਲਕ ਬਣਾਈ ਰਖਣਾ ਚਾਹੀਦਾ ਹੈ, ਇਹ ਕੋਈ ਜੁਰਮ ਨਹੀਂ ਹੈ। ਬਾਕੀ ਲੋਕ ਆਪਣੀ ਜ਼ਬਾਨ ਨਹੀਂ ਛੱਡਦੇ ਸਾਨੂੰ ਵੀ ਨਹੀਂ ਛੱਡਣੀ ਚਾਹੀਦੀ। ਜਿੱਦਾਂ ਪੰਜਾਬੀ ਵਿਚ ਕਹਿੰਦੇ ਹਨ ਕਿ ਢਿੱਡ ਨਾਲੋਂ ਗੋਡੇ ਅੱਗੇ ਨਹੀਂ ਹੁੰਦੇ।

ਇਸ ਤੋਂ ਇਲਾਵਾ ਉਨ੍ਹਾਂ ਅਦਾਰਿਆਂ ਦੀ ਮਦਦ ਕਰਨੀ ਚਾਹੀਦੀ ਹੈ ਜੋ ਪੰਜਾਬੀ ਜ਼ੁਬਾਨ ਦੀ ਤਰੱਕੀ ਲਈ ਸਰਗਰਮ ਹਨ। ਲਾਇਬਰੇਰੀਆਂ ਬਣਾਉਣ ਲਈ ਮਦਦ ਦੇਣੀ ਚਾਹੀਦੀ ਹੈ। ਬੱਚਿਆਂ ਨੂੰ ਪੰਜਾਬੀ ਉਪਰ ਰਿਸਰਚ ਕਰਨ ਲਈ ਸਕਾਲਰਸ਼ਿਪ ਦੇਣੇ ਚਾਹੀਦੇ ਹਨ। ਭਾਵ ਉਧਰਲੇ ਪੰਜਾਬ ਵਿਚ ਜਾਂ ਸਾਡੇ ਪੰਜਾਬ ਵਿਚ ਜਾਂ ਕੈਨੇਡਾ ਜਾਂ ਇੰਗਲੈਂਡ ਸਭ ਪਾਸੇ ਇਹ ਕੰਮ ਹੋਣਾ ਚਾਹੀਦਾ ਹੈ। ਕਿੰਨੀ ਬੁਰੀ ਗੱਲ ਹੈ ਕਿ ਪੰਜਾਬੀ ਜ਼ਬਾਨ ਜੋ ਕਿ ਦਸ ਕਰੋੜ ਲੋਕਾਂ ਦੀ ਜ਼ੁਬਾਨ ਹੈ ਪਰ ਇਸਦਾ ਸੰਸਾਰ ਦੀਆਂ ਪ੍ਰਮੁਖ ਜ਼ਬਾਨਾਂ ਵਿਚ ਨਾਮੋਂ ਨਿਸ਼ਾਨ ਹੀ ਨਹੀਂ ਹੈ। ਕੋਰੀਅਨ ਜਾਂ ਫ਼ਾਰਸੀ ਬੋਲਣ ਵਾਲੇ ਪੰਜਾਬੀ ਨਾਲੋਂ ਘੱਟ ਹਨ ਪਰ ਉਨ੍ਹਾਂ ਜ਼ਬਾਨਾਂ ਦਾ ਬੜਾ ਨਾਮ ਹੈ ਪਰ ਪੰਜਾਬੀ ਦਾ ਨਹੀਂ।

**ਸਵਾਲ**—ਪਾਕਿਸਤਾਨ ਵਿਚ ਪੰਜਾਬੀ ਲਈ ਚਲ ਰਹੀ ਜਦੋਜਹਿਦ ਦਾ ਕੀ ਭਵਿੱਖ, ਕੀ ਇਹ ਆਮ ਲੋਕਾਂ ਦੀ ਜਦੋ-ਜਹਿਦ ਬਣ ਸਕਦੀ ਹੈ ?

**ਜਵਾਬ**—ਅਸਲ ਵਿਚ ਗੱਲ ਇਹ ਹੈ ਕਿ ਇਸ ਮੂਵਮੈਂਟ ਦੇ ਮਾਸ ਮੂਵਮੈਂਟ ਬਣਨ ਦੇ ਜਦੋਂ ਜ਼ਰਾ ਜਿਤਨੇ ਕੁ ਚਾਂਸ ਵੀ ਹੁੰਦੇ ਹਨ ਉਸੇ ਵੇਲੇ ਇਸਨੂੰ ਤੋੜਨ ਲਈ ਹੋਰ ਕਈ ਮੂਵਮੈਂਟਸ ਸਿਰ ਚੁਕ ਲੈਂਦੀਆਂ ਹਨ। ਮਸਲਨ ਫਿਰਕਾ ਬੰਦੀ ਦੀ ਲੜਾਈ ਸ਼ੁਰੂ ਕਰ ਦਿੰਦੇ ਹਨ, ਸੁੰਨੀ ਸ਼ੀਆ ਦੀ, ਜਾਂ ਲਹਿਜਿਆਂ ਦੀ ਵੰਡ ਸ਼ੁਰੂ ਹੋ ਜਾਂਦੀ ਹੈ। ਸੋ ਕੋਈ ਨਾ ਕੋਈ ਵਿਰੋਧੀ ਲਹਿਰ ਸ਼ੁਰੂ ਹੋ ਜਾਂਦੀ ਹੈ। ਅਸੀਂ ਵੀ ਅਜੇ ਇਸੇ ਤਰ੍ਹਾਂ ਦੀ ਜਦੋਜਹਿਦ ਵਿਚੋਂ ਦੀ ਗੁਜ਼ਰ ਰਹੇ ਹਾਂ। ਪਰ ਮੈਂ ਸਮਝਦਾ ਹਾਂ ਕਿ ਪੰਜਾਬੀਆਂ ਨੂੰ ਇਹ ਹੱਕ ਜ਼ਰੂਰ ਮਿਲਕੇ ਰਹਿਣਾ ਹੈ। ਦੁਨੀਆਂ ਦੀਆਂ ਤਮਾਮ ਕੌਮਾਂ ਨੂੰ ਮਿਲਿਆ ਹੈ, ਬੇਸ਼ੁਮਾਰ ਕੌਮਾਂ ਤੇ ਇਹ ਕੈਫ਼ੀਅਤ ਜਾਰੀ ਰਹੀ ਹੈ। ਜਿਵੇਂ ੪੦੦ ਸਾਲ ਪਹਿਲਾਂ ਇੰਗਲੈਂਡ ਵਿਚ ਕਰੋਮਵੈੱਲ ਆ ਕੇ ਫਰੈਂਚ ਤੋਂ ਛੁਟਕਾਰਾ ਹਾਸਲ ਕਰਦਾ ਹੈ ਤੇ ਅੰਗਰੇਜ਼ੀ ਜ਼ੁਬਾਨ ਦਿੰਦਾ ਹੈ ਆਪਣੀ ਕੌਮ ਨੂੰ। ਇਸੇ ਤਰ੍ਹਾਂ ਤੁਰਕੀ ਵਿਚ ਇਸੇ ਸਦੀ ਵਿਚ ਤੁਰਕ ਨੇ ਫਾਰਸੀ ਦੀ ਜਗਹ ਤੁਰਕੀ ਜ਼ਬਾਨ ਉਥੇ ਚਲਾਈ। ਇਸੇ ਤਰ੍ਹਾਂ ਇੰਡੀਆ ਵਿਚ ਹੁਣੇ ਹੁਣੇ ਤਿੰਨ ਹੋਰ ਜ਼ਬਾਨਾਂ ਸਰਕਾਰੀ ਤੌਰ ਉਪਰ ਮੰਨ ਲਈਆਂ ਹਨ। ਸੋ ਦੁਨੀਆਂ ਦੇ ਹਰ ਮੁਲਕ ਵਿਚ ਲੋਕ ਆਪਣੀ ਆਪਣੀ ਜ਼ਬਾਨ ਉਪਰ ਕਾਇਮ ਨੇ। ਮੇਰਾ ਨਹੀਂ ਖਿਆਲ ਕਿ ਪੰਜਾਬੀਆਂ ਦਾ ਹੱਕ ਜ਼ਿਆਦਾ ਦੇਰ ਤਕ ਖੁੱਸਿਆ ਰਹੇਗਾ ਭਾਵੇਂ ਫਿਲਹਾਲ ਲੋਕ ਮਾਸ ਮੀਡੀਆ ਤੋਂ ਮੁਤਾਸਰ ਹੋ ਕੇ ਉਰਦੂ ਵੱਲ ਜਾ ਰਹੇ ਹਨ ਪਰ ਜਿਹੜੇ ਨੌਜੁਆਨ ਸਾਡੇ ਨਾਲ ਮਿਲਕੇ ਪੰਜਾਬੀ ਲਈ ਕੰਮ ਕਰ ਰਹੇ ਹਨ ਉਹ ਜਜ਼ਬਿਆਂ ਨਾਲ ਭਰਪੂਰ ਹਨ ਤੇ ਇਸ ਮਸਲੇ ਨੂੰ ਸਮਝਦੇ ਹਨ। ਦੂਸਰੀ ਗੱਲ ਇਹ ਹੈ ਕਿ ਜੇਕਰ ਮੈਨੂੰ ਗੱਲ ਸਮਝ ਆ ਗਈ ਹੈ ਤਾਂ ਸਾਡੇ ਦੂਸਰੇ ਤਾਲੀਮ ਯਾਫਤਾ ਦੋਸਤਾਂ ਨੂੰ ਵੀ ਆ ਜਾਵੇਗੀ। ਪਰ ਸਾਨੂੰ ਲੋੜ ਹੈ ਇਸ ਦੇ ਵਾਸਤੇ ਕੁਝ ਬੁਨਿਆਦੀ ਕੰਮ ਕਰਨ ਦੀ ਜਿਵੇਂ ਗਰਾਮਰਾਂ ਜਾਂ ਡਿਕਸ਼ਨਰੀਆ ਬਣਾਉਣ ਦੀ। ਮੈਂ ਤੁਹਾਨੂੰ ਵੀ ਅਰਜ਼ ਕਰਦਾ ਹਾਂ ਕਿ ਫ਼ਰਜ਼ ਕਰੋ ਇੰਗਲਿਸ਼-ਗੁਰਮੁਖੀ ਦੀ ਗਰਾਮਰ ਬਣਾਉਂਦੇ ਹੋ ਪੰਜਾਬ ਵਿਚ ਤਾਂ ਨਾਲ ਇਕ ਪੱਟੀ ਅਲਫ, ਬੇ ਦੀ ਵੀ ਲਗਾ ਦਿਆ ਕਰੋ। ਕੋਈ ਹਰਜ਼ ਨਹੀਂ ਇਸ ਵਿਚ। ਸੋ ਇਸ ਸ਼ਾਹਮੁਖੀ ਪੰਜਾਬੀ ਦਾ ਵੀ ਜ਼ਰਾ ਖਿਆਲ ਰੱਖ ਲਿਆ ਕਰੋ। ਇਹ ਸਾਰੀ ਪੰਜਾਬੀ ਦੇ ਫਾਇਦੇ ਦੀ ਹੀ ਗੱਲ ਹੈ।●



Sri Satguru Jagjit Singh Ji eLibrary NamdhariElibrary@gmail.com

# ਇਕ ਸਮੂਹ ਗਾਣ

(ਦੋ ਟੋਲੀਆਂ 'ਚ ਗਾਇਆ ਜਾਣ ਵਾਲਾ)

—ਸੁਰਜੀਤ ਖੁਰਸ਼ੀਦੀ—

ਜ਼ਿੰਦਗੀ ਹੁਸੀਨ ਹੈ
ਬਹੁਤ ਹੀ ਹੁਸੀਨ ਹੈ
ਹੁਸੀਨ ਹੈ ਇਹ ਜ਼ਿੰਦਗੀ
ਜ਼ਿੰਦਗੀ ਦੇ ਆਸ਼ਕਾਂ ਦੇ
ਕਾਫ਼ਲੇ ਨੇ ਵਧ ਰਹੇ
ਕਾਫ਼ਲੇ ਨੇ ਵਧ ਰਹੇ
ਜ਼ਿੰਦਗੀ ਦੇ ਆਸ਼ਕਾਂ ਦੇ
ਦੇਸਾਂ ਅਤੇ ਕੌਮਾਂ ਵਾਲੇ
ਫ਼ਾਸਲੇ ਨੇ ਘਟ ਰਹੇ
ਕਾਫ਼ਲੇ ਨੇ ਵਧ ਰਹੇ
ਵਧ ਰਹੇ ਨੇ ਕਾਫ਼ਲੇ
ਜ਼ਿੰਦਗੀ ਦੇ ਆਸ਼ਕਾਂ ਦੇ
ਵਧ ਰਹੇ
ਜ਼ਿੰਦਗੀ ਹੁਸੀਨ ਹੈ
ਅੱਜ ਦੇਸ ਦੇਸ ਵਿਚ
ਅੱਜ ਸ਼ਹਿਰ ਸ਼ਹਿਰ ਵਿਚ
ਗੂੰਜਦੀ ਹੈ ਇਕ ਵੰਗਾਰ
ਸਭ ਹੋ ਗਏ ਨੇ ਹੋਸ਼ਿਆਰ
ਹੋ ਗਏ ਨੇ ਹੋਸ਼ਿਆਰ
ਜ਼ਿੰਦਗੀ ਦੀ ਮਾਂਗ ਵਿਚ
ਭਰਨਾ ਸੰਧੂਰ ਹੈ
ਸੰਧੂਰ ਹੈ
ਬਹੁਤ ਹੀ ਹੁਸੀਨ ਹੈ
ਹੁਸੀਨ ਹੈ ਇਹ ਜ਼ਿੰਦਗੀ
ਜ਼ਿੰਦਗੀ ਹੁਸੀਨ ਹੈ
ਵਧ ਰਹੇ ਨੇ ਕਾਫ਼ਲੇ
ਕਾਫ਼ਲੇ
ਘਟ ਰਹੇ ਨੇ ਫ਼ਾਸਲੇ
ਫ਼ਾਸਲੇ ।

# ਗ਼ਜ਼ਲ

—ਡੀ. ਆਰ. ਧਵਨ—

ਉਲਟ ਮਤਲਬ ਦੇਣ ਜੋ ਅੱਖਰ ਬਦਲ ਕੇ ਵੇਖੀਏ,
ਇਹ ਜਨੂੰਨੀ ਪੁਸਤਕਾਂ, ਪੱਤਰ ਬਦਲ ਕੇ ਦੇਖੀਏ ।
ਕੁਝ ਗਿਲੇ ਸ਼ਿਕਵੇ ਤਾਂ ਘੱਟ ਜਾਣਗੇ ਏਦਾਂ ਵੀ ਜ਼ਰੂਰ,
ਦੁਸ਼ਮਣਾਂ ਨੂੰ ਬਦਲੀਏ ਮਿੱਤਰ ਬਦਲ ਕੇ ਦੇਖੀਏ ।
ਇਹਨਾਂ ਦਾ ਵੀ ਰੂਪ ਹੋ ਜਾਏਗਾ ਫਿਰ ਫੁੱਲਾਂ ਜਿਹਾ,
ਆਪਣੇ ਹੱਥਾਂ ਵਿਚ ਫੜੇ ਪੱਥਰ ਬਦਲ ਕੇ ਦੇਖੀਏ ।
ਉਹਨਾਂ ਨੂੰ ਵੀ ਹੋਏਗਾ ਏਸੇ ਦਾ ਸ਼ਾਇਦ ਇੰਤਜ਼ਾਰ,
ਆਓ ਆਪਣੇ ਆਪਣੇ ਪੈਗੰਬਰ ਬਦਲ ਕੇ ਦੇਖੀਏ ।
ਬਦਲੀਏ ਜਾਂ ਨਾ ਅਸੀਂ ਲੇਕਿਨ ਬਦਲ ਜਾਵੇ ਸਮਾਂ,
ਬਦਲੀਏ ਧਰਤੀ ਨਵੀਂ ਅੰਬਰ ਬਦਲ ਕੇ ਦੇਖੀਏ ।
ਨਗਮਿਆਂ ਵਿਚ ਪਿਆਰ ਦੀ ਖੁਸ਼ਬੂ ਭਰੋ ਜਾਂ ਫਿਰ ਮਿਠਾਸ,
ਸਭ ਬਦਲ ਜਾਣਾ ਹੈ ਫਿਰ ਜੇਕਰ ਬਦਲ ਕੇ ਦੇਖੀਏ ।
ਤਲਖੀਆਂ ਦਾ ਦੌਰ ਵੀ ਬਦਲੂ 'ਧਵਨ' ਫਿਰ ਆਪਣੇ ਆਪ,
ਪਹਿਲਾਂ ਆਪਣੀ ਸੋਚ ਦਾ ਪੱਧਰ ਬਦਲ ਕੇ ਦੇਖੀਏ ।

# ਚੌਬਰਗੇ

—ਅਜਾਇਬ ਸਿੰਘ—

ਜਿਹੜਾ ਮਨ ਨੂੰ ਨਹੀਂ ਮਨਾ ਸਕਿਆ
ਉਹਨੇ ਯਾਰ ਨੂੰ ਭਲਾ ਮਨਾਵਣਾ ਕੀ
ਜੀਹਨੇ ਮਨ ਦੇ ਉਤੇ ਨਾ ਪਾਈ ਕਾਠੀ
ਉਹਨੇ ਯਾਰ ਦੇ ਦਰ ਤੇ ਜਾਵਣਾ ਕੀ
ਜਿਹੜਾ ਮਨ ਦਾ ਰਹੇ ਗੁਲਾਮ ਬਣਿਆ
ਆਕਾ ਉਸ ਨੇ ਭਲਾ ਸਦਵਾਵਣਾ ਕੀ
ਜੀਹਨੇ ਮਨ ਨੂੰ ਸੋਧ ਕੇ ਫਤਾ ਕੀਤਾ
ਘਾਟਾ ਸ਼ਾਹਸਵਾਰ ਉਸ ਖਾਵਣਾ ਕੀ ।

ਸਾਰੇ ਮਨ ਦੇ ਪਾਏ ਪਵਾੜੇ ਲੋਕੋ
ਟਿਕ ਕੇ ਬੈਠਣਾ ਇਹਦਾ ਦਸਤੂਰ ਨਾਹੀਂ
ਕਦੇ ਐਸ ਪਾਸੇ ਕਦੇ ਔਸ ਪਾਸੇ
ਏਸ ਜਿਹਾ ਕੋਈ ਭੈੜਾ ਲੰਗੂਰ ਨਾਹੀ
ਭਰਿਆ ਹੋਇਆ ਭੀ ਖਾਲੀ ਈ ਜਾਪਦਾ ਏ
ਸਬਰ ਸ਼ੁਕਰ 'ਚ ਕਦੇ ਭਰਪੂਰ ਨਾਹੀਂ
ਜੀਹਨੇ ਏਸ ਨੂੰ ਸੋਧ ਕੇ ਵੱਸ ਕੀਤਾ
ਆਇਆ ਉਸ ਜਿਹਾ ਕਿਸੇ ਸਰੂਰ ਨਾਹੀਂ ।

ਏਸ ਮਨ ਨੇ ਜਗ ਹੈਰਾਨ ਕੀਤਾ
ਏਸ ਜਿਹਾ ਕੋਈ ਚੰਦਰਾ ਬੂਮ ਨਾਹੀਂ
ਅਖਾਂ ਹੁੰਦਿਆਂ ਸੁੰਦਿਆਂ ਵੇਖਦਾ ਨਹੀਂ
ਟਿਕ ਕੇ ਬੈਠਦਾ ਚੰਦਰਾ ਕੂਮ ਨਾਹੀਂ
ਸਭ ਕੁਝ ਪਾ ਕੇ ਵੇਰ ਭੀ ਰੋਈ ਜਾਵੇ
ਏਸ ਜਿਹਾ ਕੋਈ ਚੰਦਰਾ ਸ਼ੂਮ ਨਾਹੀਂ
ਜੀਹਨੇ ਭਸਮ ਕਰ ਏਸ ਨੂੰ ਲੋ ਲਭੀ
ਇਸ ਤੋਂ ਵਧ ਹੋਰ ਕੀਮਤੀ ਟੂਮ ਨਾਹੀਂ ।

—ਅਸੀਸ, ਦੀ ਮਾਲ ਕਪੂਰਥਲਾ ।



Sri Satguru Jagjit Singh Ji eLibrary NamdhariElibrary@gmail.com



# ਅਨਿਰੁਧ

ਜੀਵਨ : ੨੨ ਅਗਸਤ ੧੯੭੩
ਤੋਂ ੧੧ ਜੂਨ ੧੯੯੨
ਸਿਖਿਆ : ਬੀ. ਐਸ. ਸੀ.-੧
ਸੰਪਾਦਨ : 'ਵਕਤ ਬਦਲੇਗਾ' ਦਾ ਪਾਸ਼ ਅੰਕ ।

ਕਵਿਤਾਵਾਂ ਤੋਂ ਇਲਾਵਾ ਸਕੈਚ ਅਤੇ ਪੋਸਟਰ ਵੀ ਬਣਾਏ । ਪਾਸ਼ ਅਤੇ ਧੂਮਿਲ ਦੀਆਂ ਕਵਿਤਾਵਾਂ ਦੇ ਪੋਸਟਰ ਬਣਾ ਕੇ ਚੁਪ ਚਾਪ ਕੰਪਨੀ ਬਾਗ ਵਿਚ ਲਗਾ ਆਉਂਦੇ । ਬ੍ਰੈਖਤ ਦੀ ਕਵਿਤਾ ਦਾ ਪੰਜਾਬੀ ਅਨੁਵਾਦ ਵੀ ਕੀਤਾ । ਲੂਸ਼ਨ ਦਾ ਅਨੁਵਾਦ ਸ਼ੁਰੂ ਕੀਤਾ ਪਰ ਪੂਰਾ ਨਾ ਕਰ ਸਕੇ ।

— —

## ਕੰਧਾਂ

ਸਕੂਲ ਦੀ ਛਤ ਦੀਆਂ
ਵਾਰ ਵਾਰ ਨੁਕਰਾਂ ਬਦਲਦੇ
ਜੋ ਆਪਣੇ ਘਰ ਦਾ ਕੋਨਾ
ਉਚਿਆਂ ਕੋਠਿਆਂ ਉਹਲਿਓ
ਵਿਖਦਾ ਪਿਆ ਨਹੀਂ ਸੀ
ਅੱਡੀਆਂ ਚੁਕ ਚੁਕ ਵੀ ਨਿੱਕੇ ਮੁੰਡੇ ਨੂੰ ।

ਆਖਿਰ ਇਕ ਨੁਕਰੋਂ ਇਕ
ਕਿਕਰ ਦੀਆਂ ਬਾਂਵਾਂ 'ਚੋਂ
ਆਪਣੇ ਕੋਠੇ ਤੇ ਸੁਕਦੇ ਲੀੜੇ ਵਿਖੇ
ਲੀੜੇ ਸੀ ਕਿ ਕਾਲੇ ਕਾਲੇ ਬਦਲ
ਅੱਖਾਂ ਸੀ ਕਿ ਮਿਟੀ ਦੀ ਲਿਸ਼ਕਦੀ ਚਾਹਤ

ਉਧਰ ਵੀ ਉਸਾਰ ਦਿਤੀ ਉਚੀ ਸਾਰੀ ਕੰਧ
ਸ਼ੈਦ ਸੱਤ ਅਖੀ ਡੈਣ ਨੇ
ਹਿਲੋਰੇ ਖਾਂਦਾ ਕਿਕਰ ਸੀ ਜੋ ਰੋਜ਼
ਖੋਜੀ ਨਿੱਕੀਆਂ ਚਮਕੀਲੀਆਂ ਅੱਖਾਂ ਨੂੰ
ਕੁਝ ਕਿਹਾ ਕਰਦਾ ਸੀ ।

ਪਿਛਲੇ ਅੰਕ ਵਿਚ ਅਸੀਂ ਜ਼ਿਕਰ ਕੀਤਾ ਸੀ ਛੋਟੀ ਉਮਰੇ ਵਿਛੜਣ ਵਾਲੇ ਅਨਿਰੁਧ ਦਾ । ਉਹਨਾਂ ਦੇ ਪਿਤਾ ਤਰਸੇਮ ਗੁਜਰਾਲ ਦੇ ਸੱਲ੍ਹ ਦਾ ਅਤੇ ਇਸ 'ਚੋਂ ਉਪਜੀਆਂ ਕਵਿਤਾਵਾਂ ਦਾ, ਜੋ ਪ੍ਰਕਾਸ਼ਿਤ ਕਰ ਦਿੱਤੀਆਂ ਸਨ । ਅਨਿਰੁਧ ਦੀਆਂ ਕਵਿਤਾਵਾਂ ਪੰਜਾਬੀ ਜਗਤ ਨੂੰ ਇਸ ਅੰਕ ਵਿਚ ਪੇਸ਼ ਕਰ ਰਹੇ ਹਾਂ ।

—ਸੰਪਾਦਕ

## ਸੁਫਨੇ ਵਲੋਂ ਸੁਫਨੇ ਦਾ ਕਤਲ

ਉਸ ਰਾਤ ਨਹੀਂ ਸੀ ਆਇਆ
ਮੈਨੂੰ ਸੁਫਣਾ
ਹਵਾ 'ਚ ਸ਼ੂਕਦੀਆਂ ਗੋਲੀਆਂ ਦਾ
ਚਿਹਰੇ ਤੇ ਸਹਿਮੇ ਭਾਵਾਂ ਦਾ ।

ਉਸ ਰਾਤ ਨਹੀਂ ਸੀ ਆਇਆ ਮੈਨੂੰ ਸੁਫਣਾ
ਆਪਣੇ ਪੁਰਾਣੇ ਸਕੂਲ ਦੀਆਂ
ਗਲੀਆਂ ਨ੍ਹੇਰੀਆਂ ਖੱਡਾਂ ਦਾ
ਜਿਨ੍ਹਾਂ 'ਚ ਚਾਂ ਚਾਂ ਕਰਦੇ
ਬਿਲ੍ਹਿਆਂ ਵਾਂਗ ਲੜ ਰਹੇ ਬੱਚੇ ਸੀ ।
ਉਸ ਰਾਤ ਸੁਫਨੇ 'ਚ ਨਹੀਂ ਆਇਆ
ਚਾਲ੍ਹੀਆਂ ਸਾਲਾਂ ਦੇ ਦੁਆਰੇ ਅਧਿਆਪਕ ਦੇ
ਡਰਾਵਨੇ ਜਿਹੇ ਚਿਹਰੇ ਦਾ ਬਿੰਬ

ਜਿਹੜਾ ਉਦੋਂ ਤਕ
ਸਾਰੀਆਂ ਭੈਣਾਂ ਨੂੰ ਸੁਹਰੇ ਤੋਰ ਚੁਕਾ ਜੀ ।

ਯਾਰੋ
ਉਸ ਰਾਤ ਮੈਨੂੰ ਸੁਖਾਲਾ ਜਿਹਾ ਸੁਫਣਾ ਆਇਆ
ਸੁਫਣਾ ਆਇਆ
ਸਚਮੁਚ ਦੀ ਬਹਾਰ ਦਾ
ਉਸ ਮੰਜ਼ਿਲ ਦੀ ਕਗਾਰ ਦਾ
ਉਸ ਮਨਭਾਉਂਦੇ ਸਮਾਜ ਦਾ
ਪਰ ਕਿੰਝ ਕਵਾਂ ਮੈਂ ਯਾਰੋ
ਕਿ ਨਹੀਂ ਸੀ ਇਹ ਸੁਫਣਾ ਇਡਾ ਸੁਖਾਲਾ ।

ਸਾਰੀ ਚਮਕ ਦਮਕ ਨੂੰ
ਕਿਧਰੇ ਕੋਈ ਦੀਮਕ ਚੱਟ ਰਿਹਾ ਸੀ
ਲਗਦਾ ਸੀ ਜਿਵੇਂ ਘੁਣ ਜਿਹਾ ਲਗਿਆ ਹੈ
ਉਸ ਸਮਾਜ ਨੂੰ ਬੀ ।



Sri Satguru Jagjit Singh Ji eLibrary NamdhariElibrary@gmail.com

ਫੇਰ ਲਗਿਆ
ਨਹੀਂ ! ਸ਼ੱਕ ਕਰਨਾ
ਸ਼ਾਇਦ ਆਦਤ ਹੀ ਬਣ ਗਈ ਸੀ
ਇਕ ਵੀਰਾਨ ਪਾਰਕ 'ਚ ਘੁੰਮਦਾ ਰਿਹਾ
ਫੇਰ ਮੈਂ ਲਭਿਆ
ਉਚੀਆਂ ਉਚੀਆਂ ਝਾੜੀਆਂ ਚੋਂ
ਚਿੱਟੇ ਸੰਗ ਮਰਮਰ ਦਾ
ਇਕ ਕਵੀ ਦਾ ਬੁੱਤ ।
ਕਿੰਨਾ ਚਿਰ ਰਿਹਾ ਪਛਾਣਦਾ
ਪਰ ਸਮੇਂ ਦੀ ਮਾਰ ਨੇ
ਉਹਨੂੰ ਕਰ ਛਡਿਆ ਸੀ ਬਦਸ਼ਕਲ

ਹਾਰ ਮੈਂ ਦਿਲ ਮਨ੍ਹਾ ਲਿਆ ਪਰਤਣ ਦਾ
ਕਿ ਅਚਾਨਕ ਹੀ ਮੈਨੂੰ ਸੁਣਿਆ
ਸ਼ਬਦ ਨਾਦ
ਲਗਿਆ ਜਿਵੇਂ ਬੋਲਣ ਲਗਿਆਂ
ਉਹ ਬੇਜਾਨ ਪੱਥਰ

ਫੇਰ ਉਹ ਬੋਲਿਆ
ਬੋਲਿਆ ਕੀ, ਉਹ ਤਾਂ ਚੀਕਿਆ, ਦਹਾੜਿਆ
ਲੋਕੋ, ਵੇ ਲੋਕੋ
ਮੇਰੀ ਸਾਰੀ ਜ਼ਿੰਦੜੀ ਦਾ ਘੋਲ
ਮੇਰੀ ਸਾਰੀ ਲੜਾਈ
ਮੇਰੇ ਸਾਰੇ ਸਾਹਿਤ ਦੇ
ਤੇ ਮੇਰੀ ਕਵਿਤਾ ਦੇ
ਏਡੀ ਬੁਰੀ ਤਰ੍ਹਾਂ ਨਾ ਬਦਲੋ ਅਰਥ
ਨਾ ਬਦਲੋ ਏਡੀ ਤਰ੍ਹਾਂ ਉਹਨਾਂ ਦੇ ਅਰਥ
ਕਿ ਸ਼ਰਮ ਨਾਂ ਦੀ ਮੈਨੂੰ ਵੀ ਸ਼ਰਮ ਆ ਜਾਏ ।

ਉਹ ਚੁੱਪ ਕਰ ਗਿਆ
ਤੇ ਮੈਂ ਉਸ ਸ਼ਹਿਰ ਦੀਆਂ ਗਲੀਆਂ 'ਚ
ਫੇਰ ਘੁੰਮਦਾ ਰਿਹਾ
ਉਹ ਪਾਰਕ ਛਡਣ ਤੋਂ ਬਾਦ
ਬਹੁਤ ਘੁਮਿਆ ਜਿਵੇਂ ਕੁਝ ਗੁਆਚਿਆ ਹੋਵੇ
ਤੇ ਫੇਰ ਲਭ ਲਿਆ
ਉਹੀ ਵੀਰਾਨ ਪਾਰਕ
ਤੇ ਉਸ 'ਚ ਸਿਰ ਚੁੱਕ ਕੇ ਖੜਾ
ਉਹੀ ਬਦਸ਼ਕਲ ਬੁੱਤ ।

ਮੈਂ ਬਹੁਤ ਦੇਰ
ਰੋਂਦਾ ਰਿਹਾ
ਉਹਦੇ ਸਾਹਮਣੇ ਗੋਡੇ ਟੇਕ ਕੇ
ਰੋਂਦਾ ਰਿਹਾ ਰੋਂਦਾ ਰਿਹਾ
ਹੋਰ ਉਚੀ ਹੋਰ ਉਚੀ

ਪਤਾ ਨਹੀਂ ਕਦੋਂ
ਮੇਰੇ ਵਧੇ ਨਹੁਆਂ ਨੇ
ਲਾਲ ਨਿਸ਼ਾਨ ਖਿੱਚ 'ਤੇ
ਮੇਰੇ ਜਿਸਮ ਤੇ
ਮੇਰੇ ਕਪੜੇ ਪਾਟ ਗਏ
ਦਿਲ ਰੋਂਦਾ ਰਿਹਾ
ਜਿਵੇਂ ਮਾਂ ਮਰ ਗਈ ਹੋਵੇ

ਫੇਰ ਇਕ ਵਾਰ ਹੋਰ
ਉਸ ਪੱਥਰ ਨੂੰ ਮੈਂ ਕਿਹਾ
ਇਕ ਵਾਰ ਫੇਰ ਬੋਲ ਪੈ
ਵੇ, ਇਕ ਵਾਰ ਬਸ !
ਇਹ ਕਹਿਣ ਨੂੰ
ਕਿ ਜੋ ਕੁਝ ਕਹਿ ਗਿਆ ਮੈਂ
ਝੂਠ ਸੀ
ਤੇ ਮੈਨੂੰ ਜੀਉਣ ਦੇ
ਆਪਣੇ ਸੁਫਨਿਆਂ ਦੇ
ਇਸ ਮਨਭਾਉਂਦੇ ਸਮਾਜ ਵਿਚ
ਤੇ
ਭੁਲ ਲੈਣ ਦੇ
ਕਿ ਇਸ ਸ਼ਹਿਰ ਦਾ
ਹਰ ਮੋੜ
ਮੈਨੂੰ ਖਾਂਦਾ ਹੈ

ਇਹੀ ਸੀ
ਅਜ ਤਕ ਦਾ
ਸਭ ਤੋਂ ਸੁਖਾਲਾ ਸੁਫਣਾ
ਜਿਹੜਾ ਕਿਸੇ ਹਦ ਤਕ
ਕਤਲ ਕਰ ਗਿਆ
ਸੁਫਨਿਆਂ ਦੀ ਹੀ
ਉਸ ਮੰਜ਼ਿਲ ਦਾ ।


Sri Satguru Jagjit Singh Ji eLibrary NamdhariElibrary@gmail.com

# ਇਹ ਸ਼ੋਰ-ਸ਼ਰਾਬਾ

—ਟੀ. ਆਰ. ਆਰੋੜਾ—

ਅਸੀਂ ਸਭ ਜਾਣਦੇ ਹੀ ਹਾਂ ਕਿ ਉਦਯੋਗੀਕਰਨ ਅਤੇ ਸ਼ਹਿਰੀਕਰਨ ਵਿਕਸਿਤ ਸਮਾਜ ਦੇ ਚਿੰਨ੍ਹ ਸਮਝੇ ਜਾਂਦੇ ਹਨ। ਪਰ ਇਸ ਗੱਲ ਦਾ ਬਹੁਤਿਆਂ ਨੂੰ ਨਹੀਂ ਪਤਾ ਕਿ ਇਸ ਨਾਲ ਅਜਿਹੀਆਂ ਜਟੱਲ ਸਮਸਿਆਵਾਂ ਵੀ ਜੁੜੀਆਂ ਹੋਈਆਂ ਹਨ ਜਿਹੜੀਆਂ ਮਾਨਵ ਜਾਤੀ ਲਈ ਘਾਤਕ ਹਨ। ਇਸਦੇ ਵਿਚੋਂ ਹੀ ਵਾਤਾਵਰਣੀ ਪ੍ਰਦੂਸ਼ਤਾ ਪੈਦਾ ਹੁੰਦੀ ਹੈ। ਵਾਤਾਵਰਣੀ ਪ੍ਰਦੂਸ਼ਤਾ ਦੇ ਤਿੰਨ ਅੰਗਾਂ, ਜਲ, ਹਵਾ ਤੇ ਸ਼ੋਰ ਵਿਚੋਂ ਸਭ ਤੋਂ ਘਟ ਧਿਆਨ ਅੰਤਲੇ ਅੰਗ ਵੱਲ ਹੀ ਦਿਤਾ ਗਿਆ ਹੈ। ਇਸ ਲੇਖ ਰਾਹੀ ਮੈਂ ਸ਼ੋਰ ਦੇ ਪ੍ਰਦੂਸ਼ਣ ਅਤੇ ਇਸਦੇ ਮੰਦ-ਪ੍ਰਭਾਵਾਂ ਬਾਰੇ ਦੱਸਣ ਦਾ ਜਤਨ ਕਰਾਂਗਾ।

ਸ਼ੋਰ ਦਾ ਅੰਗਰੇਜ਼ੀ ਰੂਪ Noise ਦਾ ਸ਼ਬਦ ਲਾਤੀਨੀ ਭਾਸ਼ਾ Nausea ਤੋਂ ਨਿਕਲਿਆ ਹੈ। 'ਸ਼ੋਰ' ਕਿਸਨੂੰ ਕਿਹਾ ਜਾਏ? ਇਸਦੀ ਸੀਮਾ ਕਿਥੋਂ ਸ਼ੁਰੂ ਹੁੰਦੀ ਹੈ? ਅਣਚਾਹੀ ਆਵਾਜ਼ ਨੂੰ ਸ਼ੋਰ ਕਹਿ ਦਿਤਾ ਜਾਂਦਾ ਹੈ। ਇਸਨੂੰ ਵੀ ਵਾਤਾਵਰਣੀ ਪ੍ਰਦੂਸ਼ਤਾ ਦਾ ਅੰਗ ਮੰਨਿਆ ਜਾਂਦਾ ਹੈ। ਇਸ ਸ਼ੋਰ ਦਾ ਪ੍ਰਭਾਵ ਸਾਡੇ ਮਨ, ਸਾਡੀ ਸੁਣਨ ਸਮਰਥਾ ਅਤੇ ਸਮੁੱਚੀ ਸਿਹਤ ਉੱਪਰ ਪੈਂਦਾ ਹੈ। ਇਹ ਸਾਡੇ ਸਮਾਜੀ ਰਿਸ਼ਤਿਆਂ ਉਪਰ ਵੀ ਅਸਰ-ਅੰਦਾਜ਼ ਹੁੰਦਾ ਹੈ। ਪਰ ਬਹੁਤ ਸਾਰੇ ਲੋਕ ਇਸਨੂੰ ਪ੍ਰਦੂਸ਼ਣ ਨਹੀਂ ਸਗੋਂ ਜੀਵਨ ਦਾ 'ਰੁਟੀਨ' ਹੀ ਸਮਝਦੇ ਹਨ। ਸੰਨ ੧੯੮੮ ਵਿਚ 'ਭਾਰਤੀ ਹਵਾ ਪ੍ਰਦੂਸ਼ਣ ਕੰਟਰੋਲ ਆਦੇਸ਼' ਵਿਚ ਤਰਮੀਮ ਕਰਕੇ ਸ਼ੋਰ ਨੂੰ ਵੀ ਇਸ ਵਿਚ ਸ਼ਾਮਲ ਕਰ ਦਿਤਾ ਗਿਆ ਸੀ।

## ਸ਼ੋਰ ਦੇ ਸਰੋਤ

ਸ਼ੋਰ ਕਿਥੋਂ ਪੈਦਾ ਹੁੰਦਾ ਹੈ? ਕਾਰਖਾਨੇ, ਛੋਟੀਆਂ ਛੋਟੀਆਂ ਉਦਯੋਗਿਕ ਇਕਾਈਆਂ, ਹਵਾਈ ਜਹਾਜ਼, ਹੈਲੀ-ਕਾਪਟਰ, ਗੱਡੀਆਂ, ਟਰਕ, ਮੋਟਰਾਂ, ਸਕੂਟਰ, ਮੋਟਰ ਸਾਈਕਲ, ਰੇਡੀਓ, ਟੈਲੀਵੀਜਨ, ਲਾਊਡ ਸਪੀਕਰ ਆਦਿ ਇਸ ਸ਼ੋਰ ਦੇ ਮੁਖ ਸਰੋਤ ਹਨ। ਹੁਣ ਤਾਂ ਪਿੰਡਾਂ ਦੇ ਸ਼ਾਂਤ ਵਾਤਾਵਰਣ ਨੂੰ ਵੀ ਰੇਡੀਓ, ਟੈਲੀਵੀਜਨ, ਕੂਲਰਾਂ, ਜਨਰੇਟਰਾਂ ਅਤੇ ਵਾਤਾਅਨੁਕੂਲਣਾਂ ਨੇ ਗੰਧਲਾ ਕਰ ਦਿੱਤਾ ਹੈ। ਖੇਤਾਂ ਵਿਚ ਚਲਦੇ ਟਰੈਕਟਰ, ਹਾਰਵੈਸਟਰ, ਕੰਬਾਈਨਾਂ, ਥਰੈਸ਼ਰ ਆਦਿ ਨੇ ਵੀ ਘਟ ਨਹੀਂ ਗੁਜ਼ਾਰੀ।

ਸਾਡੇ ਦੇਸ ਵਿਚ ਹਰ ਸਮਾਜੀ ਫੰਕਸ਼ਨ ਨੂੰ ਰੌਲੇ ਦਾ ਰੂਪ ਦੇ ਦਿਤਾ ਜਾਂਦਾ ਹੈ। ਵਿਆਹ ਸ਼ਾਦੀਆਂ, ਸੁਆਗਤੀ ਸਮਾਰੋਹ, ਮੇਲੇ, ਧਾਰਮਕ ਸਮਾਰੋਹ, ਸਭ ਸ਼ੋਰ ਵਿਚ ਬਦਲ ਰਹੇ ਹਨ। ਇਹ ਰੌਲਾ-ਰੱਪਾ ਦੇਰ ਰਾਤ ਤੀਕ ਚਲਦਾ ਰਹਿੰਦਾ ਹੈ ਤੜਕ ਸਾਰ ਵੀ ਇਸਦੇ ਸਰੋਤਾਂ ਨੂੰ ਬੰਦ ਨਹੀਂ ਕੀਤਾ ਜਾਂਦਾ। ਧਾਰਮਕ ਸਥਾਨ ਵੀ ਤੜਕਸਾਰ ਰਿਕਾਰਡ ਕੀਤੀਆਂ ਧੁਨਾਂ ਨੂੰ ਉੱਚੀ ਸੁਰ ਵਿਚ ਲਗਾ ਕੇ ਵਾਤਾਵਰਣ ਸ਼ਾਂਤਪੂਰਣ ਨਹੀਂ ਰਹਿਣ ਦਿੰਦੇ। ਕੋਈ ਇਨ੍ਹਾਂ ਨੂੰ ਸੁਣ ਰਿਹਾ ਹੈ? ਕੀ ਕਿਸੇ ਦੇ ਸਮਝ ਆ ਰਹੀ ਹੈ? ਉਨ੍ਹਾਂ ਨੂੰ ਕੋਈ ਸਰੋਕਾਰ ਨਹੀਂ। ਇਸ ਦਾ ਸਭ ਤੋਂ ਮਾੜਾ ਅਸਰ ਵਿਦਿਆਰਥੀਆਂ ਉੱਪਰ ਪੈਂਦਾ ਹੈ ਜਿਹੜੇ ਇਮਤਿਹਾਨਾਂ ਦੀ ਤਿਆਰੀ ਵਿਚ ਰੁਝੇ ਹੁੰਦੇ ਹਨ।

ਹਰ ਸਾਲ ਇਸ ਰੌਲੇ ਦੀ ਮਿਕਦਾਰ ਤੇ ਇਸਦੇ ਗੁਣ-ਸੁਭਾ ਵਧਦੇ ਤੇ ਬਦਲਦੇ ਰਹਿੰਦੇ ਹਨ ਤੇ ਅਸੀਂ ਅਚੇਤ ਹੀ ਇਸਨੂੰ ਸਹਿਣ ਕਰਨ ਲਗਦੇ ਹਾਂ। ਇਸ ਗੱਲ ਦਾ ਪਤਾ ਹੀ ਨਹੀਂ ਹੁੰਦਾ ਕਿ ਇਹ ਰੌਲਾ ਸਾਡੀ ਸੁਣਨ ਸ਼ਕਤੀ ਅਤੇ ਸਿਹਤ ਉਪਰ ਮਾਰੂ ਪ੍ਰਭਾਵ ਪਾ ਰਿਹਾ ਹੈ।

## ਸੀਮਾ

'ਸੰਸਾਰ ਸਿਹਤ ਸੰਗਠਨ' ਨੇ ਸ਼ਹਿਰਾਂ ਲਈ ੪੫ ਡੈਸੀਬਲ ਤੀਕ ਸ਼ੋਰ ਦਾ ਪਧਰ 'ਸੁਰਖਿਅਤ' ਮੰਨਿਆ ਹੈ। ਅੰਤਰ-ਰਾਸ਼ਟਰੀ ਪੈਮਾਨੇ ਤੇ ੬੫ ਡੈਸੀਬਲ ਨੂੰ 'ਸਹਿਨਯੋਗ' ਤਸੱਵਰ ਕੀਤਾ ਜਾਂਦਾ ਹੈ। ਹਾਂ! ੮੦ ਡੈਸੀ-ਬਲ ਦੇ ਰੌਲੇ ਤੀਕ ਤੁਹਾਡੀ ਸੁਣਨ ਸ਼ਕਤੀ ਕੁਝ ਬਚੀ ਰਹਿ ਸਕਦੀ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ੧੫੦ ਡੈਸੀਬਲ ਤੀਕ ਦੀਆਂ ਆਵਾਜ਼ਾਂ ਸਾਨੂੰ ਸਦੀਵ ਰੂਪ ਬੋਲਿਆਂ ਕਰ ਸਕਦੀਆਂ ਹਨ। ਇਸ ਤੋਂ ਅੱਗੇ, ੧੮੦ ਡੈਸੀਬਲ ਦਾ ਪੱਧਰ ਸਾਡੇ ਲਈ ਘਾਤਕ ਬਣ ਜਾਂਦਾ ਹੈ। ਭਾਰਤ ਵਿਚ ਬੰਬਈ, ਦਿੱਲੀ, ਕਲਕੱਤਾ ਤੇ ਮਦਰਾਸ ਦੀਆਂ ਗਲੀਆਂ ਤੇ ਬਾਜ਼ਾਰਾਂ ਵਿਚ ਰੌਲੇ ਦੀ ਪੱਧਰ ੮੦ ਡੈਸੀਬਲ ਠੀਕ ਹੈ। ਬੰਬਈ ਨੂੰ ਸੰਸਾਰ ਦਾ ਤੀਜਾ ਸ਼ੋਰ-ਸ਼ਰਾਬੇ ਵਾਲਾ ਸ਼ਹਿਰ ਹੋਣ ਦੀ ਪਦਵੀ ਮਿਲ ਚੁਕੀ ਹੈ। ਦਿੱਲੀ ਸ਼ਹਿਰ ਵੀ ਬੰਬਈ ਦੇ ਨਕਸ਼ੇ-ਕਦਮ ਤੇ ਹੀ ਚਲ ਰਿਹਾ ਹੈ।

ਹਰ ਪੱਧਰ ਤੇ ਵਿਕਾਸ ਨੇ ਰੌਲੇ ਦੀ ਪੱਧਰ ਨੂੰ ਵੀ ਉੱਚਾ ਕਰ ਦਿਤਾ ਹੈ। ਉਦਯੋਗਿਕ ਨਗਰਾਂ ਜਾਂ ਕੇਂਦਰਾਂ ਵਿਚ ਤਾਂ ਰੌਲੇ ਦੀ ਇੰਤਹਾ ਹੋ ਚੁਕੀ ਹੈ। ਸਾਧਾਰਨ ਮਨੁਖ ਲਈ ਏਥੋਂ ਲੰਘਣਾ ਵੀ ਔਖਾ ਹੋ ਜਾਂਦਾ ਹੈ। ਕਾਮੇ ਸਦਾ ਉੱਚੀ ਅਵਾਜ਼ ਵਿਚ ਗੱਲਾਂ ਕਰਨ ਦੇ ਆਦੀ ਹੋ ਜਾਂਦੇ ਹਨ।

## ਪ੍ਰਭਾਵ

ਰੌਲਾ ਤੇ ਵਾਧੂ ਜਿਹਾ ਸ਼ੋਰ-ਸ਼ਰਾਬਾ ਮਨੁਖ ਦੇ ਸਰੀਰ ਉਸ ਦੇ ਮਾਨਸਿਕ ਤੰਤੂਅ ਅਤੇ ਸਮਾਜਿਕ ਰਹਿਣੀ ਬਹਿਣੀ ਉਪਰ ਪ੍ਰਭਾਵਤ ਹੁੰਦਾ ਹੈ। ਸ਼ੋਰ ਸਾਡੀ ਸੁਣਨ ਸ਼ਕਤੀ ਵਿਚ ਵਿਘਨ ਪਾ ਦਿੰਦਾ ਹੈ। ਇਸਦੇ ਕਾਰਨ ਥਕਾਵਟ ਵਧਦੀ ਹੈ ਤੇ ਸਾਡੇ ਕੰਮ ਕਰਨ ਦੀ ਸਮਰਥਾ ਤੇ ਯੋਗਤਾ ਘਟਦੀ ਹੈ। ਸ਼ੋਰ ਕਾਰਨ ਖਰਾਬ ਹੋਈ ਸੁਣਨ ਸ਼ਕਤੀ ਮੜ ਸੁਰਜੀਤ



Sri Satguru Jagjit Singh Ji eLibrary NamdhariElibrary@gmail.com

ਨਹੀਂ ਹੁੰਦੀ।

ਇਹ ਵੀ ਦੇਖਣ ਵਿਚ ਆਇਆ ਹੈ ਕਿ ਬਹੁਤ ਜ਼ਿਆਦਾ ਸ਼ੋਰ ਵਿਚ ਕੁਝ ਸਮਾਂ ਰਹਿਣ ਪਿਛੋਂ ਜਦੋਂ ਅਸੀਂ ਮੰਚ ਤੇ ਸ਼ਾਂਤ ਆਵਾਜ਼ਾਂ ਵਿਚ ਜਾਂਦੇ ਹਾਂ ਤਾਂ ਇਹ ਸਾਨੂੰ ਸੁਣਾਈ ਹੀ ਨਹੀਂ ਦਿੰਦੀਆਂ। ਇਹ ਅਸਥਾਈ ਤੌ ਵਕਤੀ ਬੋਲੇਪਨ ਦਾ ਸੰਕੇਤ ਹੁੰਦਾ ਹੈ। ਜੇਕਰ ਸ਼ੋਰ ਦਾ ਪੱਧਰ ਬਹੁਤਾ ਉੱਚਾ ਨਾ ਹੋਵੇ ਤੇ ਅਸੀਂ ਘਟ ਸਮੇਂ ਲਈ ਉਸ ਵਿਚ ਵਿਚਰੇ ਹੋਈਏ ਤਾਂ ਕੁਝ ਸਮਾਂ ਆਰਾਮ ਕਰਨ ਪਿਛੋਂ ਸਾਡੀ ਸੁਣਨ ਸ਼ਕਤੀ ਸੁਰਜੀਤ ਹੋ ਜਾਂਦੀ ਹੈ।

ਕੇਵਲ ਸੁਣਨ ਸਮਰਥਾ ਹੀ ਨਹੀਂ ਸਗੋਂ ਇਹ ਸਾਡੇ ਲਹੂ ਦੇ ਗੇੜ ਨੂੰ ਤੇਜ਼ ਕਰਕੇ ਸਾਨੂੰ ਕਈ ਤਰ੍ਹਾਂ ਦੇ ਰੋਗਾਂ ਵਿਚ ਗ੍ਰਸਤ ਵੀ ਕਰ ਸਕਦਾ ਹੈ। ਬਹੁਤ ਸਾਰੇ ਮਾਣਸਿਕ ਤਣਾਅ ਤੇ ਰੋਗ ਉਸ ਸ਼ੋਰ ਤੋਂ ਹੀ ਉਤਪੰਨ ਹੋ ਰਹੇ ਹਨ। ਉਦ-ਯੋਗਿਕ ਕੇਂਦਰਾਂ ਵਿਚ ਦੂਜਾ ਪ੍ਰਦੂਸ਼ਣ (ਹਵਾ ਤੇ ਪਾਣੀ) ਨਾਲ ਰਲ ਕੇ ਇਸਦੀ ਸ਼ਿੱਦਤ ਤੇ ਪ੍ਰਭਾਵ ਨੂੰ ਹੋਰ ਵੀ ਵਧਾ ਦਿੰਦਾ ਹੈ। ਇਹ ਵੀ ਦੇਖਿਆ ਗਿਆ ਹੈ ਕਿ ਸ਼ੋਰ-ਸ਼ਰਾਬੇ ਵਾਲੇ ਕਾਰਖਾਨਿਆਂ ਵਿਚ ਦੁਰਘਟਨਾਵਾਂ ਦੀ ਗਿਣਤੀ ਜ਼ਿਆਦਾ ਹੈ। ਵੱਡੇ ਸ਼ਹਿਰਾਂ ਵਿਚ ਸੜਕ ਦੁਰਘਟਨਾਵਾਂ ਦਾ ਕਾਰਨ ਵੀ ਕਈ ਵੇਰ ਇਹ ਰੌਲਾ ਹੀ ਬਣ ਜਾਂਦਾ ਹੈ।

ਇਸ ਤਰ੍ਹਾਂ ਰੌਲਾ 'ਸਹਿਜ-ਕਾਤਲ' ਵਾਂਗ ਕੰਮ ਕਰਦਾ ਹੈ। ਇਹ ਅਚੇਤ ਰੂਪ ਵਿਚ ਸਾਡੇ ਤੰਤੂਆਂ ਉਪਰ ਪ੍ਰਭਾਵ ਪਾਂਦਾ ਰਹਿੰਦਾ ਹੈ। ਇਸ ਦੇ ਸਿੱਟੇ ਬਹੁਤ ਭਿਆ-ਨਕ ਬਣ ਜਾਂਦੇ ਹਨ।

## ਉਪਾਅ

ਇਸ ਮਾਰੂ ਪ੍ਰਦੂਸ਼ਣ ਨੂੰ ਰੋਕਣ ਦੀ ਲੋੜ ਹੈ। ਸਾਡੇ ਸਾਰਿਆਂ ਦਾ ਫਰਤਵ ਹੈ ਕਿ ਇਸ ਆਫਤ ਉਪਰ ਕਾਬੂ ਪਾਈਏ। ਇਸਨੂੰ ਮੂਲ ਰੂਪ ਵਿਚ ਅਸੀਂ ਤਿੰਨਾਂ ਸਾਧਨਾਂ ਨਾਲ ਰੋਕ ਸਕਦੇ ਹਾਂ :—

(ੳ) ਪਹਿਲਾਂ ਸਰੋਤ ਤੋਂ ਹੀ ਸ਼ੋਰ ਘਟਾਇਆ ਜਾਏ।

(ਅ) ਸ਼ੋਰ ਦੇ ਰਸਤੇ ਵਿਚ ਰੁਕਾਵਟਾਂ ਪੈਦਾ ਕੀਤੀਆਂ ਜਾਣ।

(ੲ) ਆਵਾਜ਼ ਸੁਣਨ ਵਾਲੇ ਨੂੰ 'ਬਚਾਅ ਦੀ ਛਤਰੀ' ਦਿਤੀ ਜਾਏ।

ਇਨ੍ਹਾਂ ਵਿਚੋਂ ਸਭ ਤੋਂ ਪ੍ਰਭਾਵੀ ਤੇ ਘਟ ਖਰਚੀਲਾ ਪਹਿਲਾ ਸਾਧਨ ਹੀ ਹੈ। ਤਕਨੀਕੀ ਤੇ ਇੰਜਨੀਅਰੀ ਸਾਧਨਾਂ ਨਾਲ ਸ਼ੋਰ ਦੇ ਪੈਦਾ ਕਰਨ ਵਾਲੇ ਯੰਤਰਾਂ ਉਪਰ ਕਾਬੂ ਪਾਇਆ ਜਾਏ। ਫਿਰ ਜਿਹੜਾ ਸ਼ੋਰ ਪੈਦਾ ਹੋ ਗਿਆ ਹੈ ਉਸਨੂੰ ਰਸਤੇ ਵਿਚ ਤੇ ਚੌਗਿਰਦੇ ਵਿਚ ਖੰਡਿਤ ਕੀਤਾ ਜਾਏ। ਸਾਡਾ ਉਦੇਸ਼ ੮੦ ਡੈਸੀਬਲ ਦੀ ਸੀਮਾ ਨੂੰ ਤੋੜਨ ਦਾ ਹੋਣਾ ਚਾਹੀਦਾ ਹੈ। ਕਈ ਵੇਰ ਕਈ ਤਰ੍ਹਾਂ ਦੇ ਸਕਰੀਨ ਖੜੇ ਕਰਕੇ ਸ਼ੋਰ ਰੋਕਿਆ ਜਾਂਦਾ ਹੈ।

ਭਾਵੇਂ ਯਾਂਤ੍ਰਿਕ ਤੇ ਤਕਨੀਕੀ ਸਾਧਨ ਬਹੁਤ ਵਧੀਆ ਹਨ, ਪਰ ਕਈਆਂ ਥਾਵਾਂ ਤੇ ਇਹ ਨਿਰਗੁਣੇ ਹੋ ਜਾਂਦੇ ਹਨ। ਇਹ ਵੀ ੯੦ ਡੈਸੀਬਲ ਦੀ ਸੀਮਾ ਨੂੰ ਹੇਠਾਂ ਨਹੀਂ ਲਿਆ ਸਕਦੇ।

ਇਸ ਤਰ੍ਹਾਂ ਦੀ ਸਥਿਤੀ ਵਿਚ ਕੰਨਾਂ ਲਈ ਸੁਰਖਿਅਤ ਸਾਧਨ ਵਰਤਣੇ ਜ਼ਰੂਰੀ ਹਨ। ਜਿਥੇ ਸ਼ੋਰ ਦਾ ਪੱਧਰ ੯੦ ਡੈਸੀਬਲ ਹੋਵੇ ਉਥੇ ਕੰਮ ਦੇ ਘੰਟੇ ਵੀ ਘਟਾਉਣੇ ਪੈਣਗੇ। ਜੇਕਰ ੯੦ ਡੈਸੀਬਲ ਲਈ ੮ ਘੰਟੇ ਰਖੇ ਗਏ ਹਨ ਤਾਂ ੯੩ ਡੈਸੀਬਲ ਲਈ ੪ ਘੰਟੇ, ੯੬ ਲਈ ੨ ਘੰਟੇ ਅਤੇ ੧੧੫ ਲਈ ੨ ਘੰਟਿਆਂ ਤੋਂ ਵੀ ਘਟ ਦਾ ਸਮਾਂ ਨੀਯਤ ਕਰਨਾ ਪਵੇਗਾ।

ਅਜ ਸਾਨੂੰ ਲੋੜ ਹੈ ਕਿ ਲੋਕਾਂ ਨੂੰ ਇਸ ਪ੍ਰਤੀ ਰੱਜ ਕੇ ਸੁਚੇਤ ਕੀਤਾ ਜਾਵੇ। ਇਸਦੇ ਮੰਦ ਪ੍ਰਭਾਵਾਂ ਬਾਰੇ ਲੋਕਾਂ ਨੂੰ ਦਸਿਆ ਜਾਵੇ। ਸਵੈ-ਸੇਵਕੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ। ਲੋਕਾਂ ਨੂੰ ਸ਼ੋਰ ਦਾ ਪਧਰ ਘਟਾਉਣ ਦੀ ਟਰੇਨਿੰਗ ਦਿਤੀ ਜਾਏ ਤਾਂ ਜੋ ਉਹ ਇਸਦੇ ਤਕਨੀਕੀ ਪੱਖਾਂ ਤੋਂ ਵੀ ਜਾਣੂੰ ਹੋ ਸਕਣ।

ਸ਼ੋਰ ਦੇ ਸਰੋਤਾਂ ਦੀ ਨਿਸ਼ਾਨਦੇਹੀ ਕਰਕੇ ਕਾਰਖਾਨੇ-ਦਾਰਾਂ ਨੂੰ ਪ੍ਰੇਰਿਆ ਜਾਏ ਕਿ ਉਹ ਇਸ ਤਰ੍ਹਾਂ ਦੇ ਯੰਤਰ ਘਟ ਤੋਂ ਘਟ ਵਰਤਣ ਜਿਹੜੇ ਬਹੁਤ ਜ਼ਿਆਦਾ ਸ਼ੋਰ ਮਚਾਂਦੇ ਹਨ। ਇਸ ਤਰ੍ਹਾਂ ਦੇ ਨਿਯਮ ਤੇ ਕਾਨੂੰਨਾਂ ਦੀ ਘੜਤ ਵੀ ਕੀਤੀ ਜਾਏ ਜਿਹੜੇ ਸਖਤੀ ਨਾਲ ਉਲੰਘਣਾ ਕਰਨ ਵਾਲਿਆਂ ਨੂੰ ਰਾਹੇ ਪਾ ਸਕਣ।

ਪਰ ਇਹ ਸਭ ਕੁਝ ਲੋਕਾਂ ਦੀ ਚੇਤੰਨਤਾ ਤੇ ਲੋਕਾਂ ਦੇ ਸਹਿਯੋਗ ਬਿਨਾਂ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਆਖਰ ਮਨੁਖ ਨੇ ਹੀ ਇਹ ਪ੍ਰਦੂਸ਼ਣ ਪੈਦਾ ਕੀਤਾ ਹੈ ਤੇ ਮਨੁਖ ਹੀ ਇਸ ਤੋਂ ਪ੍ਰਭਾਵਤ ਹੋ ਰਿਹਾ ਹੈ।

**ਆਓ ਸਾਰੇ ਰਲ ਕੇ ਆਪਣੇ ਵਾਤਾਵਰਣ ਨੂੰ ਸ਼ਾਂਤ ਤੇ ਸਹਿਣਯੋਗ ਬਣਾਉਣ ਦੇ ਜਤਨ ਕਰੀਏ। ਆਪਣੇ ਰੇਡੀਓ ਤੇ ਟੀ. ਵੀ. ਮੱਧਮ ਸੁਰ ਵਿਚ ਰਖੀਏ। ਗੱਡੀਆਂ ਦੀਆਂ ਆਵਾਜ਼ਾਂ ਉਪਰ ਨਿਯੰਤ੍ਰਣ ਰਖੀਏ। ਸਮਾਜੀ ਤੇ ਧਾਰਮਿਕ ਮਿਲਣੀਆਂ ਵੇਲੇ ਆਪਣੇ ਲਾਊਡ ਸਪੀਕਰਾਂ ਦੀ ਘਟ ਜਾਂ ਮੱਧਮ ਧੁਨੀ ਵਿਚ ਵਰਤੋਂ ਕਰੀਏ। ਇਹ ਸਭ ਕੁਝ ਅਸੀਂ ਹੀ ਕਰਨਾ ਹੈ ਤੇ ਆਓ ਅਜ ਹੀ ਇਸ ਦੀ ਸ਼ੁਰੂਆਤ ਕਰੀਏ।**

(ਅਨੁਵਾਦ : ਤ. ਸ. ਭਾਟੀਆ)



Sri Satguru Jagjit Singh Ji eLibrary NamdhariElibrary@gmail.com

# ਸੰਤ ਤਰਨ ਸਿੰਘ 'ਵਹਿਮੀ' ਦਾ ਪਿਛੋਕੜ ਅਤੇ ਸਾਹਿਤਕ ਘਾਲਣਾ

—ਸਵਰਨ ਸਿੰਘ ਵਿਰਕ

ਸੰਤ ਤਰਨ ਸਿੰਘ 'ਵਹਿਮੀ ਦਾ ਨਾਂ ਨਾਮਧਾਰੀ ਜਗਤ ਵਿਚ ਕਿਸੇ ਜਾਨ ਪਛਾਣ ਦਾ ਮੁਹਤਾਜ ਨਹੀਂ । ਉਹਨਾਂ ਦਾ ਪਿਛੋਕੜ ਮਹਾਰਾਜਾ ਰਣਜੀਤ ਸਿੰਘ ਦੀ ਜਨਮ ਭੂਮੀ ਗੁਜਰਾਂਵਾਲੇ ਤੋਂ ਚੜ੍ਹਦੇ ਦੱਖਨ ਗੁਠੇ ੬ ਕਿਲੋਮੀਟਰ ਦੇ ਫਾਸਲੇ ਤੇ ਵਾਕਿਆ ਪਿੰਡ ਹਿੰਦੂ ਚਕ ਦੇ ਗੁਰਾਇਆ ਜੱਟਾਂ ਪ੍ਰੀਵਾਰ ਨਾਲ ਸਬੰਧਤ ਸੀ । ਇਹਨਾਂ ਦੇ ਪੜਦਾਦਾ ਅਤਰ ਸਿੰਘ ਲੰਬੜਦਾਰ ਅਤੇ ਦਾਦਾ ਦਿਆਲ ਸਿੰਘ ਦਾ ਨਾਂ ਪੰਜਾਬ ਪੁਲੀਸ ਦੁਆਰਾ ੧੮੮੧ ਈ: ਦੀ ਜਾਰੀ ਕੀਤੀ ਮਹੱਤਵਪੂਰਨ ਕੂਕਿਆਂ ਦੀ ਲਿਸਟ ਵਿਚ ਆਉਂਦਾ ਹੈ । ਜਿਨ੍ਹਾਂ ਤੇ ਖੁਫੀਆ ਨਿਗਰਾਨੀ ਰੱਖਣ ਦੀ ਹਦਾਇਤ ਹਰ ਜ਼ਿਲੇ ਦੇ ਪੁਲਿਸ ਕਪਤਾਨ ਨੂੰ ਕੀਤੀ ਗਈ ਸੀ । ਜਿਸ ਤਰ੍ਹਾਂ ਪੰਡਤ ਮੋਤੀ ਲਾਲ ਨਹਿਰੂ ਨੇ ਆਪਣੇ ਪੁਤਰ ਜਵਾਹਰ ਲਾਲ ਨਹਿਰੂ ਤੋਂ ਦੇਸ਼ ਭਗਤੀ ਦੀ ਭਾਵਨਾ ਗ੍ਰਹਿਣ ਕੀਤੀ, ਇਸੇ ਤਰ੍ਹਾਂ ਕੂਕਿਆਂ ਦੇ ਸੰਪਰਕ ਵਿਚ ਅਤਰ ਸਿੰਘ ਲੰਬੜਦਾਰ ਆਪਣੇ ਪੁੱਤਰ ਦਿਆਲ ਸਿੰਘ ਦੀ ਵਜਾ ਕਰਕੇ ਆਏ ।

ਸਤਿਗੁਰੂ ਰਾਮ ਸਿੰਘ ਜੀ ਦੀ ਜਲਾਵਤਨੀ ਤੋਂ ਬਾਦ ਬ੍ਰਤਾਨਵੀ ਸ੍ਰਕਾਰ ਨੂੰ ਇਹ ਭਰਮ ਸੀ ਕਿ ਕੂਕਾ ਅੰਦੋਲਨ ਠੰਡਾ ਪੈ ਜਾਏਗਾ । ਪਰ ਦੇਸ਼ ਸੇਵਾ ਅਤੇ ਕੌਮ ਦੇ ਨੈਤਿਕ ਜੀਵਨ ਨੂੰ ਉੱਚਾ ਚੁਕਣ ਦੀ ਜੋ ਮਰਯਾਦਾ ਲੋਕਤਾ ਦੇ ਸ਼ੈਦਾਈ ਏਨ੍ਹਾਂ ਮਸਤ ਮਸਤਾਨਿਆਂ ਨੇ ਆਪਣੇ ਨਿੱਜੀ ਜੀਵਨ ਵਿਚ ਧਾਰਨ ਕੀਤੀ ਸੀ ਉਸ ਲਈ ਫਾਂਸੀ ਦੀਆਂ ਕੋਠੜੀਆਂ ਜਾਇਦਾਦ ਜ਼ਬਤੀਆਂ ਤੋਪਾਂ ਦੇ ਗੋਲੇ ਅਤੇ ਕਾਲੇਪਾਣੀਆਂ ਦੇ ਕਸ਼ਟ ਰਤਾ ਵੀ ਕਸ਼ਟਕਾਰੀ ਸਿਧ ਨਾ ਹੋਏ । ਉਨ੍ਹੀਵੀਂ ਸਦੀ ਦੇ ਪੰਜਾਬ ਦੇ ਇਤਿਹਾਸ ਦੇ ਆਖਰੀ ਤਿੰਨ ਦਹਾਕੇ ਕੂਕੇ ਸੂਰਬੀਰਾਂ ਦੇ ਸਿਰੜ ਦੀ ਮੂੰਹ ਬੋਲਦੀ ਤਸਵੀਰ ਹਨ । ਇਸ ਸਮੇਂ ਉਹ ਆਪਣੇ ਪ੍ਰਾਣ ਪਿਆਰੇ ਲੋਕ ਨਾਇਕ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਉਹਨਾਂ ਦੇ ਨਜ਼ਦੀਕੀ ਸੂਬਿਆਂ ਦੇ ਵਿਛੋੜੇ ਕਾਰਨ ਨਿਰਾਸ਼ਾ ਦੀ ਖੱਡ ਵਿਚ ਨਹੀਂ ਡਿੱਗੇ ਸਗੋਂ ਸਿਰ ਤੇ ਖੱਫਣ ਬੰਨ੍ਹ ਕੇ ਬਿਦੇਸ਼ੀ ਹਕੂਮਤ ਵਿਰੁਧ ਵਿੱਢੇ ਸੰਗਰਾਮ ਵਿਚ ਤਨ ਮਨ ਅਤੇ ਧਨ ਦੀ ਅਹੂਤੀ ਦੇਂਦੇ ਨਜ਼ਰ ਆ ਰਹੇ ਹਨ । ਬਰਤਾਨਵੀ ਸਾਮਰਾਜ ਤੋਂ ਨਜਾਤ ਹਾਸਲ ਕਰਨ ਲਈ ਰੂਸ ਦੀ ਪ੍ਰਭੂ ਸਤਾ ਸਪੰਨ ਸ੍ਰਕਾਰ ਵਲ ਉਹਨਾਂ ਨੇ ਨਜ਼ਰਾਂ ਲਾਈਆਂ । ਨਿਕਟ ਗਵਾਂਢੀ ਤੇ ਕੁਝ ਮੱਧ ਏਸ਼ੀਆ ਨਾਲ ਸਭਿਆਚਾਰਕ ਸਾਂਝਾਂ ਦੀਆਂ ਤੰਦਾਂ ਚੋਖੀਆਂ ਪੁਰਾਣੀਆਂ ਹੋਣ ਕਰਕੇ ਕੁਝ ਅੱਤ ਉਤਸ਼ਾਹੀ ਪੰਜਾਬੀ ਵਿਉਪਾਰੀ ਬਲਖ ਬੁਖਾਰੇ ਅਤੇ ਬਾਕੂ ਤਕ ਪੁਜਦੇ ਰਹੇ । ਆਖਰੀ ਸਿੱਖ ਮਹਾ-ਰਾਜਾ ਦੁਲੀਪ ਸਿੰਘ ਵੀ ਸੀਨੇ ਵਿਚ ਕਈ ਵਲਵਲੇ ਲੈ ਕੇ ਮਾਸਕੋ ਪੁਜਾ ਸੀ । ਕੂਕਿਆਂ ਵਿਚ ਇਹ ਪ੍ਰਚਾਰ ਆਮ ਸੀ ਕਿ ਬਿਸ਼ਨ ਸਿੰਘ ਅਰੋੜਾ (ਜਿਸਨੂੰ ਬਾਰਾਂਮਾਹ ਵਾਲਾ ਭਾਈ ਚੰਦਾ ਸਿੰਘ "ਗੁਰੂ ਕਾ ਲਾਲ" ਕਰਕੇ ਲਿਖਦਾ ਹੈ) ਅਤੇ ਮਹਾਰਾਜਾ ਦਲੀਪ ਸਿੰਘ ਇਕਠੇ ਪੰਜਾਬ ਆਉਣਗੇ । ਪੰਜਾਬੀ ਸੈਨਾ ਅਤੇ ਲੋਕਾਂ ਦੀ ਮਦਦ ਨਾਲ ਫਰੰਗੀਆਂ ਨੂੰ ਏਥੋਂ ਕਢਣਗੇ । ਗੁਰੂ ਰਾਮ ਸਿੰਘ ਅਤੇ ਗੁਰੂ ਹਰੀ ਸਿੰਘ ਜੀ ਵਲੋਂ ਰੂਸੀ ਉੱਚ ਅਧਿਕਾਰੀਆਂ ਨਾਲ ਖਤੋ ਕਿਤਾਬਤ ਦੇ ਸਬੂਤ ਸ੍ਰਕਾਰੀ ਦਸਤਾਵੇਜ਼ਾਂ ਵਿਚ ਹਨ ।

ਹਿੰਦੂ ਚਕ ਦੇ ਗਵਾਂਢੀ ਪਿੰਡ ਚਕ ਰਮਦਾਸ ਦਾ ਬਾਬਾ ਗੁਰਚਰਨ ਸਿੰਘ ਵਿਰਕ ੭੦ ਸਾਲਾਂ ਤੋਂ ਵਡੇਰੀ ਉਮਰ ਦਾ ਚੁੰਗੀਆਂ ਭਰਦਾ ਕਦੇ ਤਾਸ਼ਕੰਦ ਪੁਜ ਜਾਂਦਾ ਹੈ ਅਤੇ ਕਦੇ ਵਾਪਸ ਭੈਣੀ ਸਾਹਿਬ । ਇਸ ਗੁਰਚਰਨ ਸਿੰਘ ਤੇ ਗੁਲਾਬ ਖਾਨ ਨਾਮੀ ਇਕ ਅੰਗਰੇਜ਼ ਸ੍ਰਕਾਰ ਦੇ ਸੂਹੀਏ ਦੀ ਡਿਊਟੀ ਲਾਈ ਗਈ ਹੈ । ਜੋ ਡਬਲ ਏਜੰਟ ਦੀ ਭੂਮਕਾ ਨਿਭਾਉਂਦਾ ਰੂਸੀਆਂ ਨੂੰ ਵੀ ਪੰਜਾਬ ਬਾਰੇ ਸੂਹ ਪਹੁੰਚਾਉਂਦਾ ਰਹਿੰਦਾ ਹੈ । ਇਹ ਗੁਲਾਬ ਖਾਨ ਜੋ ਗੁਰਚਰਨ ਸਿੰਘ ਦਾ ਪਿੱਛਾ ਕਰਦਾ ਹੋਇਆ ੪ ਜਨਵਰੀ ੧੮੮੧ ਈ: ਨੂੰ ਇਸ ਤਰ੍ਹਾਂ ਦੀ ਰਿਪੋਰਟ ਉਪਰ ਭੇਜਦਾ ਹੈ "ਕਿ ੨੧ ਦਸੰਬਰ ਨੂੰ ਮੈਂ ਲਾਹੌਰ ਤੋਂ ਗੁਰਚਰਨ ਸਿੰਘ ਦੀ ਭਾਲ ਵਿਚ ਅੰਮ੍ਰਿਤਸਰ ਜਾਂਦਾ ਹਾਂ । ਏਥੇ ਤਾਂ ਮਿਲਨ ਤੇ ੨੩ ਨੂੰ ਲੁਧਿਆਣੇ ਪੁਜ ਕੇ ੨੪ ਦੁਪਹਿਰੇ ਭੈਣੀ ਸਾਹਿਬ ਪੁਜਦਾ ਹਾਂ । ਏਥੇ ਮੈਂ ਗਵਾਚੇ ਸਾਮਾਨ ਵਾਲੇ ਵਿਉਪਾਰੀ ਦਾ ਸਵਾਂਗ ਰਚਦਾ ਹਾਂ ਪਰ ਗੁਰਚਰਨ ਸਿੰਘ ਦੇ ਏਥੇ ਨਾ ਆਉਣ ਤੇ ੨੫ ਦਸੰਬਰ ਨੂੰ ਫਿਰ ਅੰਮ੍ਰਿਤਸਰ ਜਾਂਦਾ ਹਾਂ । ੨੬ ਨੂੰ ਵਾਪਸ ਲਾਹੌਰ ੨੭ ਨੂੰ ਸਵੇਰੇ ਵਜ਼ੀਰਾ ਬਾਦ ਤਕ ਗੱਡਾ ਤੇ ਅਤੇ ਅਗੋਂ ਯੱਕੇ ਤੇ ਸਿਆਲਕੋਟ । ੨੮ ਤਾਰੀਖ ਨੂੰ ਮੈਂ ਯੱਕੇ ਤੇ ਹੀ ਚੱਕ ਪਿਰਾਣਾ ਜਾਂ ਚੱਕ ਰਮਦਾਸ ਜੋ ਸਿਆਲਕੋਟ ਤੋਂ ੩੨ ਮੀਲ ਲਾਹੌਰ ਦੀ ਤਰਫ ਹੈ ਪੁਜਦਾ ਹਾਂ । ਗੁਰਚਰਨ ਸਿੰਘ ਦੇ ਘਰ ਜਾ ਕੇ ਪਤਾ ਲਗਦਾ ਹੈ ਕਿ ਉਹ ਏਥੇ ਅਜੇ ਵਾਪਸ ਨਹੀਂ ਆਇਆ । ਮੈਂ ਉਹਦੇ ਪੁਤਰ ਜੀਉਣ ਸਿੰਘ ਦੀ ਤਸੱਲੀ ਕਰਵਾ ਦੇਂਦਾ ਹਾਂ ਕਿ ਮੈਂ ਸੈਦਖਾਨ ਰੂਸੀ ਦਾ ਦੂਤ ਹਾਂ ।

ਉਸੇ ਰਾਤ ਮੈਂ ਜੀਉਣ ਸਿੰਘ ਨਾਲ ਚੱਕ ਹਿੰਦੂ ਪੁਜ ਗਿਆ ਜੋ ਗੁਜਰਾਂਵਾਲੇ ਦੇ ਲਾਗੇ ਹੀ ਹੈ । ਮੈਂ ਇਕ ਮਸੀਤ ਵਿਚ ਠਹਿਰਿਆ ਤੇ ਤੜਕੇ ਦੋ ਵਜੇ ਬਹੁਤ ਸਾਰੇ ਕੂਕੇ ਮੇਰੇ ਪਾਸ ਆ ਗਏ । ਜਿਨ੍ਹਾਂ ਵਿਚ ਅਤਰ ਸਿੰਘ ਲੰਬਰਦਾਰ



Sri Satguru Jagjit Singh Ji eLibrary NamdhariElibrary@gmail.com

ਹਿੰਦੂਚਕ ਉਸ ਦਾ ਪੁਤਰ ਦਿਆਲ ਸਿੰਘ, ਏਥੋਂ ਦਾ ਹੀ ਦਿਆਲ ਸਿੰਘ ਤਰਖਾਣ, ਜੀਵਨ ਸਿੰਘ ਸਾਧ, ਜਸਵੰਤ ਸਿੰਘ ਜੱਟ ਤੇ ਆਲਾ ਸਿੰਘ ਅਤੇ ਦੋ ਗੁਆਂਢੀ ਪਿੰਡੋਂ ਆਏ ਸਨ। ਇਹਨਾਂ ਨੇ ਮੈਨੂੰ ਫੇਰ ਸੁਆਲ ਪੁਛੇ ਕਿ ਮੈਂ ਵਾਕਿਆ ਈ ਰੂਸ ਦਾ ਦੂਤ ਹਾਂ ਕਿਤੇ ਬਰਤਾਨਵੀ ਸੁਕਾਰ ਦਾ ਸੂਹੀਆ ਤਾਂ ਨਹੀਂ। ਜਦੋਂ ਮੈਂ ਉਹਨਾਂ ਦੀ ਤਸਲੀ ਕਰਵਾ ਦਿਤੀ ਕਿ ਮੈਨੂੰ ਸੇਦ ਖਾਨ ਨੇ ਹੀ ਭੇਜਿਆ ਹੈ ਤਾਂ ਉਹਨਾਂ ਮੇਰਾ ਬੜਾ ਅਦਬ ਕੀਤਾ ਅਤੇ ਮੇਰੇ ਪੈਰ ਵੀ ਛੋਹੇ ਵਗੈਰਾ ਵਗੈਰਾ।... ਉਹਨਾਂ ਮੈਨੂੰ ਦਸਿਆ ਕਿ ਆਪਣੇ ਦੌਰੇ ਤੋਂ ਬਾਦ ਗੁਰਚਰਨ ਸਿੰਘ ਜਦੋਂ ਚੱਕ ਰਾਮ ਦਾਸ ਆਇਆ ਤਾਂ ਉਸ ਹਿੰਦੂ ਚਕੋਂ ਅਤਰ ਸਿੰਘ ਦੇ ਪੁਤਰ ਦਿਆਲ ਸਿੰਘ ਨੂੰ ਸਦਿਆ। ਉਹ ਅਰੂੜ ਸਿੰਘ ਤਰਖਾਨ ਨੂੰ ਨਾਲ ਲੈ ਕੇ ਗਿਆ ਤਾਂ ਗੁਰਚਰਨ ਸਿੰਘ ਨੇ ਕੁਝ ਕਾਗਜ਼ ਅਤੇ ਰੂਸ ਦੇ ਬਾਦਸ਼ਾਹ, ਜਿਸ ਨੂੰ ਜ਼ਾਰ ਕਹਿੰਦੇ ਸਨ, ਦਾ ਚਿਤਰ ਬੁਧ ਸਿੰਘ (ਗੁਰੂ ਹਰੀ ਸਿੰਘ) ਨੂੰ ਦੇਣ ਵਾਸਤੇ ਭੈਣੀ ਸਾਹਿਬ ਵਿਖੇ ਇਹਨਾਂ ਹਥ ਸੌਂਪ ਦਿਤੇ। ਕੁਝ ਕਾਗਜ਼ ਅਤੇ ਜ਼ਾਰ ਦਾ ਇਕ ਚਿਤਰ ਲੈ ਕੇ ਉਹ ਸ਼ੇਖੂਪੁਰੇ ਥਾਣੀਂ ਲਾਹੌਰ ਨੂੰ ਚਲਾ ਗਿਆ।......

ਇਹ ਜਾਨ ਕੇ ਕਿ ਮੇਰਾ ਗੁਰਚਰਨ ਸਿੰਘ ਨੂੰ ਮਿਲਣਾ ਕਿੰਨਾ ਜ਼ਰੂਰੀ ਹੈ। ਚਕ ਹਿੰਦੂ ਵਾਲਿਆਂ ਗੁਰਚਰਨ ਸਿੰਘ ਦੇ ਪੁਤਰ ਜਿਊਣ ਸਿੰਘ ਤੋਂ ਇਲਾਵਾ ਚਕ ਹਿੰਦੂ ਦੇ ਹੀ ਜੀਊਣ ਸਿੰਘ ਤੇ ਆਲਾ ਸਿੰਘ ਨੂੰ ਮੇਰੇ ਨਾਲ ਤੋਰ ਦਿਤਾ।

ਭੇਦ ਖੁੱਲ੍ਹ ਜਾਣ ਦੇ ਸ਼ੱਕ ਤੇ ਜਦੋਂ ਗੁਰਚਰਨ ਸਿੰਘ ਪੁਲੀਸ ਅੱਗੇ ਆਤਮ ਸਮਰਪਣ ਕਰ ਦੇਂਦਾ ਹੈ ਤਾਂ ਉਸ ਦੀ ਗ੍ਰਿਫਤਾਰੀ ਦੀ ਖਬਰ ਗੁਰੂ ਹਰੀ ਸਿੰਘ ਨੂੰ ਦੇਣ ਲਈ ਚੱਕ ਹਿੰਦੂ ਦੇ ਅਰੂੜ ਸਿੰਘ ਤਰਖਾਣ ਨੂੰ ਹੀ ੧੩ ਜਨਵਰੀ ੧੮੮੧ ਈ: ਦੀ ਸ਼ਾਮ ਨੂੰ ਭੇਜਿਆ ਜਾਂਦਾ ਹੈ।

ਉਪਰੋਕਤ ਲੰਬੇ ਵਿਵਰਣ ਤੋਂ ਉਸ ਦੇਸ਼ ਭਗਤ ਆਪਾ ਵਾਰਨ ਵਾਲੇ ਮਰਜੀਵੜਿਆਂ ਦੇ ਪ੍ਰਵਾਰਕ ਮਾਹੌਲ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। ਜਿਥੇ ਦਿਆਲ ਸਿੰਘ ਦੇ ਪੁਤਰ ਸੰਤ ਸਿੰਘ ਦੇ ਘਰ ੪ ਮਘਰ ੧੯੫੯ ਬਿਕ੍ਰਮੀ ਤੇ ੧੯੦੨ ਈ: ਨੂੰ ਉਹ ਬਾਲਕ ਪੈਦਾ ਹੋਇਆ ਜੋ ਵੱਡਾ ਹੋ ਕੇ ਨਾਮਧਾਰੀ, ਇਤਿਹਾਸ ਤੇ ਸਾਧਾਂ ਸੰਤਾਂ ਗੁਰੂਆਂ ਦੀਆਂ ਸਾਖੀਆਂ ਨਾਲ ਵਹਿਮ ਦੀ ਹਦ ਤਕ ਜੁੜਨ ਸਦਕਾ ਸੰਤ ਤਰਨ ਸਿੰਘ ਵਹਿਮੀ ਦੇ ਨਾਮ ਨਾਲ ਵਿਖਿਆਤ ਹੋਇਆ।

ਮੁਢਲੀ ਵਿਦਿਆ ਅਤੇ ਹੋਰ ਹਾਲਤਾਂ ਬਾਰੇ ਜੱਸ ਜੀਵਨ ਭਾਗ ੧ ਦੇ ਪੰਨਾ ੨੭ ਤੇ ਵਹਿਮੀ ਜੀ ਲਿਖਦੇ ਹਨ, "ਮੈਨੂੰ ਮੇਰੇ ਦਾਦਾ ਜੀ ਪਿੰਡ ਦੇ ਹਟੀ ਵਾਲੇ ਬਾਬਾ ਚੰਦਾ ਸਿੰਘ ਪਾਸ ਪੜ੍ਹਨੇ ਪਾਇਆ। ਅਜੇ ਮੈਂ ਪੰਜ ਗਰੰਥੀ ਤੇ ਸੁਖਮਣੀ ਸਾਹਿਬ ਵਿਚ ਅਪੜਿਆ ਸਾਂ ਪਿਤਾ ਜੀ ਨੇ ਉਰਦੂ ਪੜ੍ਹਨ ਮੈਨੂੰ ਬਤਾਲੇ ਸ਼ਰਮ ਸਿੰਘ ਦੇ ਗੁਰਮੁਖੀ ਛੁਡਾ ਭੇਜ ਦਿਤਾ। ਦਾਦਾ ਜੀ ਬਿਰਧ ਬੀਮਾਰ ਪਏ ਸੀ ਮੈਂ ਆ ਕੇ ਸਤਿ ਸ੍ਰੀ ਅਕਾਲ ਕਹੀ ਤਾਂ ਉਹਨਾਂ ਕਿਹਾ ਭਾਈ ਤੂੰ ਹੁਣ ਕੁਝ ਬਨਣ ਲਈ ਸਰਕਾਰੀ ਸਕੂਲੇ ਪਿਤਾ ਨੇ ਪਾਇਆ ਹੈ। ਮੇਰੇ ਸਤਿ-ਗੁਰੂ ਜੀ ਦੀ ਮਤ ਉਲੰਘਣ ਨਾ ਸੀ ਕਰਨੀ। ਅੱਛਾ ਹੁਣ ਮੇਰਾ ਤੇਰੇ ਤੇ ਕੀ ਜ਼ੋਰ ਏ ਸੰਤ ਸਿੰਘ ਜਾਣੇ ਕਿਹੋ ਨੇ। ਦਾਦਾ ਜੀ ਚੜ੍ਹਾਈ ਕਰ ਗਏ ਤੇ ਮੈਂ ਪੰਜ ਜਮਾਤਾਂ ਪੜ੍ਹ ਲਈਆਂ ਤੇ ਪਿਤਾ ਜੀ ਇਹ ਕਹਿ ਪੜ੍ਹਨੋਂ ਹਟਾ ਲਿਆ ਇਕ ਪੁਤਰ ਹੈ ਅਸਾਂ ਕਿਹੜੀ ਨੌਕਰੀ ਕਰਾਉਣੀ ਹੈ। ਮਾਮਲੇ ਦੀਆਂ ਰਕਮਾਂ ਜੋ ਮੈਨੂੰ ਨੰਬਰਦਾਰੀ ਦੇ ਮਾਮਲੇ ਪਾਰੋਂ ਕਿਸੇ ਤੋਂ ਪੜ੍ਹਾਣੀਆਂ ਪੈਂਦੀਆਂ ਹਨ ਤੇ ਖਤ ਆਇਆ ਪੜ੍ਹਾਣਾ ਤੇ ਪਾਣ ਲਈ ਕਿਸੇ ਤੋਂ ਲਿਖਾਣਾ ਪੈਂਦਾ ਏ। ਉਹ ਕੰਮ ਹੁਣ ਟੋਰ ਹੀ ਲਵੇਗਾ।

ਪੜ੍ਹਨ ਦਾ ਸ਼ੌਕ ਸੀ ਪਰ ਪਿਤਾ ਜੀ ਦੀ ਨਾ ਆਗਿਆ ਹੋਈ।

ਕਵਿਤਾ ਦਾ ਠਰਕ ਆਪਣੇ ਪਿੰਡ ਦੇ ਹੀ ਸੰਤ ਮਸਤ ਦਿਆਲ ਜੀ ਤੋਂ ਲੱਗਾ। ਕਾਦਰਯਾਰ ਦੇ ਲਿਖੇ ਪੂਰਨ ਭਗਤ ਦੇ ਕਿਸੇ ਤੋਂ ਚੰਗੀ ਕਵਿਤਾ ਸੁਣਨ ਮਾਣਨ ਦਾ ਚਸਕਾ ਲੱਗਾ।

ਨਾਮਧਾਰੀ ਸੰਗਤ ਤੋਂ ਸ਼ਬਦ ਸੁਣ ਕੇ ਗੁਰਬਾਣੀ ਦੀ ਲਗਨ ਹੋਈ। ਪਿੰਡ ਦੇ ਕੁਲ ਪੰਡਤ ਰਲਾ ਰਾਮ ਤੋਂ ਹਿੰਦੀ ਅੱਖਰ ਸਿਖੇ। ਰੂੜੇ ਮਿਰਾਸੀ ਤੋਂ ਕੁਰਾਨ ਸ਼ਰੀਫ ਪੜ੍ਹਿਆ। ਸੰਤ ਕੇਸਰ ਸਿੰਘ 'ਚੁਪ' ਜੋ ਨੇੜੇ ਹੀ ਗੁਜਰਾਂਵਾਲੇ ਹੀ ਰਹਿੰਦੇ। ਉਹਨਾਂ ਨੂੰ ਪਰਚੀਆਂ ਭਗਤਾਂ ਦੀ ਕਥਾ ਸੁਣਾਈ। ਇਉਂ ਅਧਿਆਤਮਵਾਦੀ ਸਾਹਿਤ ਨਾਲ ਜਾਨ ਪਛਾਣ ਹੋਈ।

ਗ੍ਰਹਿਣਸ਼ੀਲ ਸੁਭਾਅ ਕਾਰਨ ਖਾਨਗਾਹਾਂ ਤੇ ਕਵਾਲੀਆਂ ਸੁਣੀਆਂ। ਮਸੀਤਾਂ ਵਿਚ ਜੁੰਮੇ ਦੀ ਨਿਮਾਜ ਪੜ੍ਹੀਂਦੀ ਵੇਖੀ। ਬੁਤਾਲੇ ਗੁਜਰਾਂਵਾਲੇ ਤੇ ਏਮਨਾਬਾਦ ਹਰ ਐਤਵਾਰ ਗਿਰਜੇ ਜਾਣਾ। ਸਿੰਘ ਸਭੀਆਂ ਦੇ ਯਤੀਮਖਾਨੇ ਗੁਜਰਾਂਵਾਲੇ ਲਾਇਬਰੇਰੀ ਤੋਂ ਪੁਸਤਕਾਂ ਪੜ੍ਹੀਆਂ। ਫੀਰੋਜ਼ਵਾਲੇ, ਗੁਆਂਢੀ ਪਿੰਡ ਅਹਲਿ ਸੁੰਨਤ ਤੇ ਅਹਿਮਦੀਆਂ ਦੇ ਮੁਬਾਹਿਸੇ ਭੀ ਸੁਣੇ। 'ਸਤਿਜੁੱਗ' ਅਖਬਾਰ ਲਈ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ। ੨੩-੨੪ ਸਾਲਾਂ ਦੀ ਉਮਰ ਵਿਚ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸੰਪਰਕ ਵਿਚ ਆ ਕੇ ਉਹਨਾਂ ਦੇ



Sri Satguru Jagjit Singh Ji eLibrary NamdhariElibrary@gmail.com

ਸਮੇਂ ਦਾ ਇਤਿਹਾਸ ਨਾਲੋਂ ਨਾਲ ਲਿਖਣ ਦੀ ਇੱਛਿਆ ਪ੍ਰਗਟ ਕੀਤੀ। ਪ੍ਰਵਾਨਗੀ ਮਿਲਣ ਤੇ ਇਹ ਕਾਰਜ ਉਹ ਲਗਾਤਾਰ ਪੰਜਾਹ ਵਰ੍ਹੇ ਕਰਦੇ ਰਹੇ ਜਿਸ ਦਾ ਨਤੀਜਾ ਹੈ ਪੰਜਾਬੀ ਵਾਰਤਕ ਵਿਚ ਉਹਨਾਂ ਦੁਆਰਾ ਲਿਖਿਆ ਵੱਡ ਆਕਾਰੀ ਪੁਸਤਕ ਜਿਸ ਦੀਆਂ ੪ ਜਿਲਦਾਂ ਦੇ ੧੩੬੫ ਪੰਨੇ ਛੱਪ ਚੁਕੇ ਹਨ ਅਤੇ ੨ ਜਿਲਦਾਂ ਹੋਰ ਅਜੇ ਛਪਾਈ ਯੋਜਨਾ ਦੇ ਅਧੀਨ ਹਨ।

ਵਹਿਮੀ ਜੀ ਨੇ ਇਸ ਵੱਡੇ ਕਾਰਜ ਲਈ ਪ੍ਰੇਰਨਾ ਬਾਹੋਵਾਲ (ਗੁਰਦਾਸਪੁਰ) ਪਿੰਡ ਦੇ ਸ੍ਰੀ ਭੈਣੀ ਸਾਹਿਬ ਨਿਵਾਸੀ ਭਾਈ ਸੰਤੋਖ ਸਿੰਘ ਜੀ ਦੇ "ਸਤਿਗੁਰੂ ਬਿਲਾਸ" ਗ੍ਰੰਥ ਤੋਂ ਹਾਸਲ ਕੀਤੀ। ਇਹ ਸੰਤ ਜੀ ਘੋੜਿਆਂ ਦੀ ਲਿੱਦ ਸੁੱਟਣ ਤੋਂ ਬਾਦ ਬਾਕੀ ਸਮੇਂ ਵਿਚ ਸਤਿਗੁਰੂ ਰਾਮ ਸਿੰਘ ਜੀ ਦੇ ਵੇਲੇ ਦੇ ਬਿਰਧਾਂ ਤੋਂ ਬਚਨ ਸੁਣ ਇਹ ਗ੍ਰੰਥ ਲਿਖਦੇ, ਜਿਸ ਵਿਚ ਨਾਮਧਾਰੀ ਇਤਿਹਾਸ ਸਬੰਧੀ ਪ੍ਰਮਾਣੀਕ ਸਮੱਗਰੀ ਸਿੱਕੇ ਬੰਦ ਕੀਤੀ ਗਈ ਹੈ। ਵਹਿਮੀ ਜੀ ਚਾਹੁੰਦੇ ਸਨ ਕਿ ਜਿਥੋਂ ਭਾਈ ਸੰਤੋਖ ਸਿੰਘ ਜੀ ਨੇ ਸਮਾਪਤ ਕੀਤਾ ਹੈ ਉਸ ਤੋਂ ਅਗੋਂ ਉਹ ਨਾਮਧਾਰੀ ਸਤਿਗੁਰੂਆਂ ਬਾਰੇ, ਸਿੱਖਾਂ, ਸਾਧਾਂ, ਸ੍ਰੀ ਭੈਣੀ ਸਾਹਿਬ ਅਤੇ ਹੋਰ ਨਾਮਧਾਰੀ ਡੇਰਿਆਂ, ਗੁਰੂ ਕੇ ਲੰਗਰ ਦੇ ਉਗਰਾਹਕਾਂ, ਊਠਾਂ ਘੋੜਿਆਂ ਵਾਲਿਆਂ, ਲਾਂਗਰੀਆਂ, ਪ੍ਰਚਾਰਕਾਂ, ਪ੍ਰਬੰਧਕਾਂ, ਜਥੇਦਾਰਾਂ, ਹੋਲਿਆਂ ਮਹੱਲਿਆਂ, ਨਿਮਾਣੀਆਂ, ਮੇਲਿਆਂ, ਢੋਲਕ ਛੈਣਿਆਂ ਵਾਲਿਆਂ ਅਤੇ ਡਾਂਗ ਬਹਾਦਰਾਂ ਬਾਰੇ ਵੇਰਵੇ ਭਰਪੂਰ ਜਾਣਕਾਰੀ ਦੇਣ।

ਉਪ੍ਰੋਕਤ ਕਾਰਜ ਵਿਚ ਵਹਿਮੀ ਜੀ ਕਾਫੀ ਹਦ ਤੱਕ ਸਫਲ ਹੋਏ ਹਨ। ਵਹਿਮੀ ਜੀ ਸ਼ਬਦ ਦੇ ਅਰਥਾਂ ਵਿਚ ਇਤਿਹਾਸਕਾਰ ਨਹੀਂ ਪਰ ਜੇ ਕਿਸੇ ਨੇ ਵੀਹਵੀਂ ਸਦੀ ਦੇ ਪਹਿਲੇ ਛੇ ਦਹਾਕਿਆਂ ਦਾ ਨਾਮਧਾਰੀ ਇਤਿਹਾਸ ਲਿਖਣਾ ਹੈ ਤਾਂ ਉਸ ਲਈ ਵਹਿਮੀ ਜੀ ਦਾ ਕੰਮ, ਕੱਚੇ ਮਾਲ ਦੇ ਸੋਮੇ ਵਜੋਂ ਜਾਣਿਆ ਜਾਏਗਾ। ਵਾਕਿਆਤ ਦੇ ਵਰਣਨ ਵਿਚ ਭਾਵੇਂ ਉਹਨਾਂ ਨੂੰ ਕੋਈ ਟਪਲਾ ਲੱਗ ਗਿਆ ਹੋਵੇ ਪਰ ਹਰ ਘਟਨਾ ਦੀ ਮੂਲ ਭਾਵਨਾ ਨੂੰ ਉਹਨਾਂ ਕਾਇਮ ਰਖਿਆ ਹੈ। ਉਹਨਾਂ ਗੁਰੂ ਘਰ ਨਾਲ ਸਬੰਧਤ ਗੁਰੂ ਵਿਅਕਤੀਆਂ ਅਤੇ ਹੋਰ ਲੋਕਾਂ ਦੇ ਕੋਲ ਜਾ ਜਾ ਕੇ ਉਹਨਾਂ ਦੇ ਬਿਆਨ ਕਲਮ ਬੰਦ ਕੀਤੇ। ਨਾਮਧਾਰੀ ਦਰਬਾਰ ਦੇ ਤਰਜਮਾਨ 'ਸਤਿਜੁਗ' ਸਪਤਾਹਿਕ ਪਰਚੇ ਦੀਆਂ ਫਾਈਲਾਂ ਦਾ ਭਰਪੂਰ ਇਸਤੇਮਾਲ ਕੀਤਾ ਅਤੇ ਇਸ ਤਰ੍ਹਾਂ ਆਪਣੇ ਇਸ਼ਟ ਗੁਰੂ ਦੇ ਜੀਵਨ ਦੇ ਜੱਸ ਨੂੰ ਚਹੁੰਆਂ ਕੂਟਾਂ ਵਿਚ ਰੌਸ਼ਨ ਕਰ ਦਿਤਾ। ਆਉਣ ਵਾਲੇ ਸਮੇਂ ਵਿਚ ਤਰਨ ਸਿੰਘ ਵਹਿਮੀ ਜੀ ਜੱਸ ਜੀਵਨ ਕਰਕੇ ਜਾਣੇ ਜਾਣਗੇ ਅਤੇ ਹੋਰ ਬਹੁਤ ਸਾਰੇ ਲੋਕ ਇਸ ਕਰਕੇ ਜਾਣੇ ਜਾਣਗੇ ਕਿ ਜੱਸ ਜੀਵਨ ਦੇ ਕਰਤੇ ਨੇ ਉਹਨਾਂ ਦਾ ਜ਼ਿਕਰ ਕੀਤਾ ਹੈ। ਭਾਵੇਂ ਜਨਮ ਸਾਖੀ ਭਾਈ ਬਾਲਾ ਸੰਧੂ ਮਿਲਦੀ ਹੈ ਪਰ ਭਾਈ ਗੁਰਦਾਸ ਜੀ ਦੁਆਰਾ ਆਪਣੀਆਂ ਵਾਰਾਂ ਵਿਚ ਉਹਨਾਂ ਦਾ ਜ਼ਿਕਰ ਨਾ ਕਰਨ ਕਰਕੇ ਅੱਜ ਬਾਲਾ ਜੀ ਦੇ ਹੋਣ ਜਾਂ ਨਾ ਹੋਣ ਬਾਰੇ ਸ਼ੱਕ ਸ਼ੁਭੇ ਪੈਦਾ ਹੋ ਰਹੇ ਹਨ।

ਵਹਿਮੀ ਜੀ ਨੂੰ ਆਪਣੀਆਂ ਸੀਮਾਵਾਂ ਦਾ ਭਲੀ ਭਾਂਤ ਗਿਆਨ ਸੀ। ਉਹ ਜਾਣਦੇ ਸਨ ਕਿ ਜੋ ਉਹ ਲਿਖ ਰਹੇ ਹਨ ਇਸ ਨੂੰ ਨਿਰੋਲ ਇਤਿਹਾਸ ਨਹੀਂ ਕਿਹਾ ਜਾ ਸਕਦਾ ਕਿਉਂਕਿ ਸ਼ਰਧਾ ਦੇ ਸਮੁੰਦਰ ਵਿਚ ਗੋਤੇ ਲਾਉਣ ਵਾਲਿਆਂ ਨੂੰ ਜ਼ਾਹਰਾ ਹਕੀਕਤ ਨਾਲ ਕਈ ਵੇਰ ਮਤਭੇਦ ਵੀ ਹੋ ਜਾਂਦੇ ਹਨ। ਉਂਜ ਵੀ ਉਹਨਾਂ ਦੀ ਵਾਰਤਕ ਵੀ ਜਨਮ ਸਾਖੀ ਸ਼ੈਲੀ ਵਾਲੀ ਵਾਰਤਕ ਹੈ ਅਤੇ ਇਸ ਵਿਚ ਵੀ, ਲੰਮੇ ਲੰਮੇ ਵਾਕਾਂ ਦੁਆਰਾ, ਵਾਰਤਕ ਦੀ ਵਹਿਮੀ ਸ਼ੈਲੀ ਸੌਖੀ ਹੀ ਪਛਾਣੀ ਜਾਂਦੀ ਹੈ। ਪ੍ਰੰਤੂ ਉਹ ਆਪਣੀ ਕਲਮ ਦੁਆਰਾ ਆਪਣੇ ਪਿਆਰੇ ਦੀ ਸਿਫਤ ਸਲਾਹ ਗਾਇਨ ਕਰਨ ਵਿਚ ਹੀ ਆਪਣੇ ਜੀਵਨ ਦਾ ਮਨੋਰਥ ਲੁਕਿਆ ਸਮਝਦੇ ਸਨ। ਇਹਨਾਂ ਭਾਵਾਂ ਨੂੰ ਵਹਿਮੀ ਜੀ ਦੇ ਹੀ ਸ਼ਬਦਾਂ ਵਿਚ ਇਸ ਤਰ੍ਹਾਂ ਪ੍ਰਗਟ ਕੀਤਾ ਗਿਆ ਹੈ :—

"ਜਿਵੇਂ ਆਖਦੇ ਯੂਸਫ ਦੀ ਵਿਕਰੀ ਤੇ
ਭੀੜ ਗਾਹਕਾਂ ਨੇ ਆ ਕੇ ਲਾਈ ਹੈਸੀ।
ਅੱਟੀ ਸੂਤ ਦੀ ਲੈ ਕੇ ਇਕ ਮਾਈ
ਉਹ ਵੀ ਯੂਸਫ ਖਰੀਦਨੇ ਆਈ ਹੈਸੀ।
ਨਹੀਉਂ ਏਨੇ ਦਾ ਆਵਣਾ ਮਾਈ ਯੂਸਫ
ਕੋਲੋਂ ਕਿਸੇ ਨੇ ਗੱਲ ਅਲਾਈ ਹੈਸੀ।
ਉਹਦੇ ਗਾਹਕਾਂ ਦੇ ਵਿਚ ਤਾਂ ਗਿਣੀ ਜਾਸਾਂ
ਏਨਾ ਆਖ ਕੇ ਤੁਲ੍ਹ ਪਈ ਮਾਈ ਹੈਸੀ।"

ਨਿਰਸੰਦੇਹ ਗੁਰੂ ਸਿੱਖਾਂ ਦੀਆਂ ਸਾਖੀਆਂ ਦੇ ਵਰਣਨ ਵਿਚ ਵਹਿਮੀ ਜੀ ਵੀ ਪਹਿਲੀ ਪਾਲ ਦੇ ਸਾਖੀਕਾਰ ਹੋ ਨਿੱਬੜੇ ਹਨ।

ਨਾਮਧਾਰੀ ਲਹਿਰ ਦੇ ਕੇਂਦਰ ਬਿੰਦੂ ਸਤਿਗੁਰੂ ਰਾਮ ਸਿੰਘ ਜੀ ਦੀ ਮਿਕਨਾਤੀਸੀ ਸ਼ਖਸੀਅਤ ਸੀ। ਉਹਨਾਂ ਦੇ ਪ੍ਰਦੇਸ ਗਵਨ ਬਾਅਦ ਕੂਕਿਆਂ ਨੇ ਉਹਨਾਂ ਦੇ ਵਿਛੋੜੇ ਨੂੰ ਕੁਝ ਇਸ ਤਰ੍ਹਾਂ ਆਪਣੇ ਤਨ ਤੇ ਹੰਡਾਇਆ ਕਿ ਇਹ ਸਾਰਾ ਪੰਥ ਹੀ ਰਾਮ ਵਿਯੋਗੀਆਂ ਦਾ ਹੋ ਨਿਬੜਿਆ। ਇਸ ਬ੍ਰਿਹਾ ਦੀ ਮਸਤੀ ਵਿਚ ਮਸਤ ਮਸਤਾਨਿਆਂ ਦੀਆਂ ਲੋਰਾਂ ਭਾਈ ਕਾਲੂ ਰਾਗੀ ਦੇ ਇਹਨਾਂ ਸ਼ਬਦਾਂ ਦਾ ਰੂਪ ਧਾਰ ਲੈਂਦੀਆਂ ਸਨ :—



Sri Satguru Jagjit Singh Ji eLibrary NamdhariElibrary@gmail.com

"ਮਾਨ ਅਭਿਮਾਨ ਅਸਾਂ ਦੋਵੇਂ ਡਿੱਠੇ ਖੁਥੀਂ ਖੰਭੀ ਜਾਂਦੇ।
ਨੀਵਿਆਂ ਰੁੱਖਾਂ ਦੇ ਫਲ ਮਿਠੇ ਫਿਕੇ ਉਚ ਰਹਾਂਦੇ।
ਪਾਣੀ ਢਲ ਨੀਵੀ ਜਾ ਆਇਆ ਟਿਕੇ ਰਹੇ ਹੁੜਾਂਦੇ।
ਸਤਿਗੁਰੂ ਰਾਮ ਸਿੰਘ ਜੇ ਸਾਨੂੰ ਨਾ ਮਿਲਦਾ
ਤਾਂ ਅਸੀਂ ਭੀ ਐਂਤਰ ਜਾਂਦੇ।

ਏਸੇ ਬਿਰਹੋਂ ਦੇ ਰੰਗ ਵਿਚ ਤਰਨ ਸਿੰਘ ਵਹਿਮੀ ਨੇ ਜੋ ਲਿਖਿਆ ਉਹ ਕਵਿਤਾ ਦਾ ਅੱਤ ਉਤਮ ਨਮੂਨਾ ਹੋ ਨਿਬੜਿਆ :—

'ਆਸੀ ਏਸ ਦ ਸੀ ਨੂੰ ਚੁਰਾਸੀ ਜੁੱਗ ਬੀਤ ਚੱਲੇ
ਪ੍ਰੀਤਮ ਵਦੇਸ ਵਾਸੀ ਖਾਸੀ ਦੇਰ ਲਾਈ ਏ।
ਲੋਕ ਕਰੇ ਹਾਸੀ ਨਾ ਉਦਾਸੀ ਵੀ ਖਲਾਸੀ ਕਰੇ
ਸੁਕੇ ਉਕਾ ਆਸੂ ਭੀ ਨਾ ਨੱਸੀ ਨਾ ਜੁਦਾਈ ਏ।
ਹੋਵੇ ਮੇਰਾ ਭੇਤੀ ਉਹਦਾ ਹੇਤੀ ਏਤੀ ਪੀਆ ਸੇਤੀ
ਕਹੇ ਆਵੇ ਛੇਤੀ ਸਿਖੀ ਖੇਤੀ ਮੁਰਝਾਈ ਏ।
ਲੁਟ ਲਿਆ ਵਹਿਮੀ ਨਾਮਾ ਨੀਮਾਂ ਵੇ ਹਕੀਮਾਂ ਨੀਮਾਂ
ਤੇਰੇ ਪਾਸ ਪ੍ਰੀਤਮਾ ਯਤੀਮਾਂ ਦੀ ਦੁਆਈ ਏ।"

ਕੂਕਾ ਓਦੋਂ ਤਕ ਕੂਕਾ ਸੀ ਜਦੋਂ ਤੱਕ ਉਹ ਮਸਤੀ ਦੇ ਇਸ ਆਲਮ ਵਿਚ ਤਾਰੀਆਂ ਲਾਉਂਦਾ ਰਿਹਾ। ਉਹ ਧਨ ਦੌਲਤ, ਮਾਨ, ਅਭਿਮਾਨ ਵਲੋਂ ਬੇਪ੍ਰਵਾਹ ਦੁਨਿਆਵੀ ਸੁਖ ਅਰਾਮ ਭੋਗਣ ਦੀ ਥਾਂ ਸਥਾਪਤ ਕਦਰਾਂ ਕੀਮਤਾਂ ਦੇ ਮੁਕਾਬਲੇ ਆਪਣੀਆਂ ਨਰੋਈਆਂ ਕੀਮਤਾਂ ਲੈ ਕੇ ਵਿਚਰਦਾ ਰਿਹਾ। ਉਹ ਜਿਸ ਘਰ ਜਾਂਦਾ ਬੂਹੇ ਖੁਲ੍ਹ ਜਾਂਦੇ ਅਤੇ—

ਹੱਥ ਤੇਰਾ ਤੇ ਕਾਲਜਾ ਮੇਰਾ
ਕੱਢ ਲੈ ਰੁੱਗ ਭਰ ਕੇ

ਵਾਲੀ ਦਸ਼ਾ ਮੂਰਤੀਮਾਨ ਹੋ ਜਾਂਦੀ। ਉਸ ਤੱਪੜਾਂ ਦੇ ਬਸਤਰ ਅਤੇ ਕੱਖਾਂ ਦਾ ਵਿਛਾਉਣਾ ਕਰਕੇ ਯਾਰ ਦੇ ਦੀਦ ਦੀ ਈਦ ਮਨਾਈ। ਉਸ ਹੱਕ ਸੱਚ ਨਿਆਂ ਅਤੇ ਸਾਂਝੀਵਾਲਤਾ ਤੇ ਆਧਾਰਿਤ ਬੇਗਮਪੁਰੇ ਦੇ ਵਾਸੀ ਹੋਣ ਵਿਚ ਫਖਰ ਮਹਿਸੂਸਿਆ। ਉਸ ਵਿਚ ਈਰਖਾ, ਕੀਨਾ, ਸਾੜਾ ਅਤੇ ਛੋਟੇਪਣ ਵਰਗੀਆਂ ਅਲਾਮਤਾਂ ਨਹੀਂ ਸਨ। ਉਹ ਆਪ ਤਰਿਆ ਤੇ ਹੋਰਨਾਂ ਨੂੰ ਤਾਰਨਾ ਜਾਣਦਾ ਸੀ। ਉਹ ਭਾਰਤ ਵਿਚੋਂ ਭੱਜੇ ਜਾਂਦੇ ਫਰੰਗੀਆਂ ਦੇ ਛਣਕਦੇ ਘੁੰਗਰੂਆਂ ਦੇ ਬੋਲ ਸੁਣਨ ਦਾ ਚਾਹਵਾਨ ਸੀ। ਉਸਨੂੰ ਚਾਰੇ ਪਾਸੇ ਇਕੋ ਨੂਰ ਤੋ ਉਪਜੀਆਂ ਹੋਈਆਂ ਸਾਰੀਆਂ ਸੂਰਤਾਂ ਨਜ਼ਰ ਆਉਂਦੀਆਂ ਸਨ। ਉਹ ਆਪਣੇ ਮੱਤ ਵਿਚ ਕੇਂਦਰਤ ਹੁੰਦਾ ਹੋਇਆ ਵੀ ਫਿਰਕੂ ਨਹੀਂ ਸੀ। ਉਸ ਵਿਚ ਸੂਫੀ ਫਕੀਰਾਂ ਅਤੇ ਭਗਤੀ ਲਹਿਰ ਦੇ ਮਹਾਨ ਦਾਰਸ਼ਨਿਕਾਂ ਵਾਲੀ ਡੂੰਘਾਈ ਸੀ। ਸੰਤ ਤਰਨ ਸਿੰਘ ਵਹਿਮੀ ਨੇ ਆਪਣੇ ਗ੍ਰੰਥ ਜੱਸ ਜੀਵਨ ਵਿਚ ਇਹਨਾਂ ਉਚ ਕੋਟੀ ਦੇ ਕਾਮਲ ਪੁਰਸ਼ਾਂ ਦੀਆਂ ਜੀਵਨ ਘਟਨਾਵਾਂ ਨੂੰ ਕਲਮ ਰੂਪੀ ਬੁਰਸ਼ ਨਾਲ ਜੋ ਛੋਹਾਂ ਦਿਤੀਆਂ ਹਨ ਉਹਨਾਂ ਨਾਲ ਇਹਨਾਂ ਦਾ ਬੜਾ ਸਜੀਵ ਚਿਤਰਣ ਹੋਇਆ। ਮਸਤਾਨਿਆਂ ਦੀ ਲੰਮੀ ਲੜੀ ਵਿਚ ਉਹ ਜਦੋਂ 'ਜਗੀਰੀ' ਦਾ ਜ਼ਿਕਰ ਕਰਦੇ ਹਨ ਤਾਂ ਕਿਆ ਛੱਬ ਬਣਦੀ ਹੈ-ਜੱਸ ਜੀਵਨ ਜਿਲਦ ਦੂਜੀ ਪੰਨਾ ੩੨੨ ਤੇ ਲਿਖਦੇ ਹਨ—

"ਮਸਤਾਨੇ ਮੌਜ ਨਾਲ ਮਨ ਮਰਜ਼ੀ ਦਾ ਬੋਲਦੇ, ਦੀਵਾਨ ਲਾਉਂਦੇ। ਜਗੀਰੀ ਹੱਥ ਵਿਚ ਡਿੰਗਾ ਜਿਹਾ ਵਲਾਂ ਵਾਲਾ ਸੋਟਾ ਤੇ ਉਸ ਨਾਲ ਘੁੰਗਰੂ ਜੜਾ ਖੜਾ ਪਿੜ ਬੰਨ੍ਹ ਪੜ੍ਹਦਾ। ਕਈ ਭਾਂਤ ਦੇ ਬੋਲ ਦੋਹਿਰੇ—

"ਸਿਰ ਤੇ ਮਟਕੀ ਜਾਵਾਂ ਲਟਕੀ
ਸ਼ਾਮ ਮਿਲਿਆ ਮੈਨੂੰ ਮਿਲਦਾ ਨੀ।
ਸ਼ਾਮ ਕੋਲੋਂ ਦੋਇ ਨੈਨ ਛੁਪਾਨੈ
ਡੇਰਾ ਮਲਿਆ ਦਿਲ ਦਾ ਨੀ।
ਮੈਂ ਸਾਵਲ ਦੀ ਸਾਵਲ ਮੇਰਾ
ਫਰਕ ਨਾ ਰਹਿ ਗਿਆ ਤਿਲ ਦਾ ਨੀ।
ਲਖ ਗਵਾਰ ਪਈ ਝਖ ਮਾਰੇ,
ਦਿਲ ਦਿਤਿਆਂ ਦਿਲ ਮਿਲਦਾ ਨੀ।

ਮਸਤੀ ਵਿਚ ਮਗਨ ਰਹਿੰਦੇ ਜਾਂ ਘੱਟੇ ਤੇ ਲਕੀਰਾਂ ਪਿਟਦੇ, ਪਾਂਦੇ ਰਹਿੰਦੇ, ਕਦੀ ਕਦੀ ਪੜ੍ਹਦੇ ਭੀ, ਬਾਬੇ ਬਾਣ ਬਾਣੀ ਦੇ ਮਾਰੇ, ਰਾਜੇ ਜੋਗੀ ਹੋ ਗਏ ਨੀ। ਭਰਮ ਭਉ ਜਾਰੇ ਧੋ ਗਏ ਨੀ।"

ਨਿਰਸੰਦੇਹ ਜੱਸ ਜੀਵਨ ਨਾਮਧਾਰੀ ਸਮਾਜ ਤੇ ਸਭਿਆਚਾਰ ਨੂੰ ਸਮਝਣ ਦੀ ਕੁੰਜੀ ਕਹੀ ਜਾਏਗੀ। ਜੇ ਇਹਨੂੰ ਅਸੀਂ ਨਾਮਧਾਰੀਆਂ ਦਾ ਵਿਸ਼ਵ ਕੋਸ਼ ਵੀ ਕਹਿ ਦੇਈਏ ਤਾਂ ਕੋਈ ਅੱਤ ਕਥਨੀ ਨਹੀਂ ਕਿਉਂ ਜੁ ਬਹੁਤ ਸਾਰੇ ਕੁਨਬਿਆਂ ਦਾ ਪੀੜ੍ਹੀ ਦਰ ਪੀੜ੍ਹੀ ਵਰਣਨ ਇਸ ਗ੍ਰੰਥ ਵਿਚ ਮਿਲਦਾ ਹੈ।

ਖੰਡਨ ਮੰਡਨ ਦੀ ਪਰੰਪਰਾ ਵਿਚ ਵਹਿਮੀ ਜੀ ਨੇ ਪੰਜ ਨਿਰਨੇ, ਸਚਹੁ ਓਰੈ ਸਭ ਕੋ, ਨਦੇੜੋਂ ਬਾਦ ਦਸਮ ਗੁਰ ਦਰਸ਼ਨ ਅਤੇ ਨਦੇੜੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਪੁਸਤਕਾਂ ਲਿਖੀਆਂ ਹਨ। ਸਾਫ ਪਾਣੀ, ਅੱਖੀਆਂ, ਸੋਰਠ ਬੀਜਾ, ਸੁਹੇਵਾ ਸਾਹਿਬ, ਪ੍ਰੇਮ ਅੱਖਰ ਆਦਿ ਉਹਨਾਂ ਦੀਆਂ ਕਾਵਿ ਰਚਨਾਵਾਂ ਹਨ। ਬਹੁਤ ਸਾਰੀਆਂ ਕਵਿਤਾਵਾਂ ਸਤਿਜੁਗ ਵਿਚ ਪ੍ਰਕਾਸ਼ਿਤ ਹੁੰਦੀਆਂ ਰਹੀਆਂ ਹਨ। ਪ੍ਰੰਤੂ ਇਹ ਜ਼ਿਆਦਾ ਸੰਪਰਦਾਈ ਸਾਹਿਤ ਦੀ ਵੰਨਗੀ ਵਿਚ ਹੀ



Sri Satguru Jagjit Singh Ji eLibrary NamdhariElibrary@gmail.com

ਆਉਂਦਾ ਹੈ ਤੇ ਇਸ ਪ੍ਰਕਾਰ ਦੇ ਸਾਹਿਤ ਨੂੰ ਮਾਨਵ ਪੜ੍ਹਣ ਤੇ ਸਮਝਣ ਵਾਲਿਆਂ ਦੀ ਗਿਣਤੀ ਵੀ ਸੀਮਤ ਹੁੰਦੀ ਹੈ। ਉਂਜ ਸੰਤ ਜੀ ਆਪਣੇ ਅਕੀਦੇ ਤੇ ਦ੍ਰਿੜ ਵਿਸ਼ਵਾਸ਼ੀ ਸਨ ਤੇ ਵੱਡੇ ਲੋਕਾਂ ਜਿਉਂ ਆਪਣੇ ਗਿਰੇਬਾਨ ਵਿਚ ਝਾਕਣ ਦੀ ਜੁਰਅਤ ਵੀ ਰੱਖਦੇ ਸਨ। ਸੌਰਠ ਬੀਜਾ ਦੀ ਭੂਮਿਕਾ ਦੇ ਅੰਤ ਵਿਚ ਲਿਖਦੇ ਹਨ :—

ਜੇਹੀ ਹੈ ਹੁਣ ਨਿਭ ਜੈ ਲੱਖ ਖਟਾਂ,
ਮੈਂ ਨਹੀਂ ਕਿਸੇ ਨੂੰ ਕੁਝ ਸਮਝਾਣ ਜੋਗਾ।
ਮੰਨਾਂ ਗਲਤੀਆਂ ਐਸੀਆਂ ਲੱਗੀਆਂ ਨੇ,
ਮੈਨੂੰ ਛਡਿਆ ਨਹੀਂ ਗੁਮਾਨ ਜੋਗਾ।"

ਕਿਹਾ ਜਾ ਸਕਦਾ ਹੈ ਕਿ ਉਹਨਾਂ ਦੀ ਸਾਰੀ ਰਚਨਾ ਵਿਚੋਂ ਚਿਰ ਸਥਾਈ ਮਹੱਤਵ ਦੀ ਰਚਨਾ ਹੋਣ ਦਾ ਮਾਣ ਸਿਰਫ 'ਜੱਸ ਜੀਵਨ' ਦੇ ਹਿੱਸੇ ਆਇਆ ਹੈ।

ਸਤਿਗੁਰੂ ਰਾਮ ਸਿੰਘ ਜੀ ਨੇ ਮਾਨਸ ਤੋਂ ਦੇਵਤੇ ਬਨਾਉਣ ਅਤੇ ਕਲਿਜੁਗ ਵਿਚ ਸਤਿਜੁਗ ਵਰਤਾਉਣ ਦਾ ਦਾ ਕਾਰਜ ਲੋਕਾਂ ਦੇ ਮਨਾਂ ਵਿਚ ਮਾਇਆਵਾਦੀ ਨਜ਼ਾਮ ਦੇ ਵਿਰੁਧ ਇਕ ਰੋਹ ਭਰੀ ਚੇਤਨਾ ਪੈਦਾ ਕਰਕੇ ਕੀਤਾ ਸੀ। ਉਹਨਾਂ ਨੇ ਮਨੁਖਾਂ ਵਿਚੋਂ ਹੀਣੇਪਣ ਤੇ ਊਚ ਨੀਚ ਦੀ ਭਾਵਨਾ ਨੂੰ ਖਤਮ ਕੀਤਾ ਸੀ। ਵੇਖਣਾ ਇਹ ਹੈ ਕਿ ਦੇਸ਼ ਦਰਦੀਆਂ ਦੀ ਉਹ ਲੋਕ ਪੱਖੀ ਜਮਾਤ ਆਪਣਾ ਇਤਿਹਾਸਕ ਕਾਰਜ ਪੂਰਾ ਕਰ ਸਕੀ ਹੈ ਜਾਂ ਅੱਜ ਵੀ ਦੰਭ, ਫਰੇਬ, ਛਲ, ਕਪਟ ਅਤੇ ਲੁੱਟ ਖਸੁੱਟ ਦੇ ਪਿੰਜਰੇ ਵਿਚ ਮਨੁਖੀ ਰੂਹ ਉਵੇਂ ਹੀ ਤੜਫ ਰਹੀ ਹੈ। ਜਦੋਂ ਵੀ ਮਨੁੱਖ ਵਿਚੋਂ ਉਹ ਕੁਝ ਜੋ ਜੀਊਣ ਜੋਗਾ ਹੁੰਦਾ ਹੈ ਮਰ ਜਾਂਦਾ ਹੈ ਤਾਂ ਸਮੇਂ ਦੀ ਲੋੜ ਨਵਾਂ ਮਨੁੱਖ ਸਿਰਜਣ ਦੀ ਹੁੰਦੀ ਹੈ—

"ਵਾਰਿਸ ਸ਼ਾਹ ਮੀਆਂ ਸੁਨਿਆਰ ਵਾਂਙੂ

ਜੱਟ ਫੇਰ ਮੁੜ ਭੰਨ ਕੇ ਗਾਲਿਆ ਸੂ।"

ਤੇ ਅੱਜ ਵੀ ਨਵਾਂ ਮਨੁੱਖ ਸਿਰਜਣ ਲਈ ਸਮਾਜਿਕ ਨਿਆਂ, ਅਮਨ, ਜਮਹੂਰੀਅਤ ਅਤੇ ਵਿਕਾਸ ਦੀਆਂ ਸ਼ਕਤੀਆਂ ਦਾ ਸਾਥ ਦੇਣਾ ਹੀ ਸੰਤ ਤਰਨ ਸਿੰਘ ਵਹਿਮੀ ਦੇ ਪਾਠਕਾਂ ਦੇ ਸਾਂਹਵੇਂ ਮੁਖ ਕਰਤਵ ਹੈ।

ਕਰੀਵਾਲਾ (ਸਿਰਸਾ)
੧੨੫੦੭੫

# ਪੰਜਾਬੀ ਸੱਥ ਵਲੋਂ ਲੇਖਕਾਂ ਦਾ ਸਨਮਾਨ ਹੋਵੇਗਾ

ਪੰਜਾਬੀ ਸੱਥ ਲਾਂਬੜਾ ਵਲੋਂ ਸਾਲਾਨਾ ਸਮਾਗਮ ੧੯ ਅਪਰੈਲ ਸੋਮਵਾਰ ਨੂੰ ਸ਼ਹੀਦ ਬਾਬਾ ਖੁਸ਼ਹਾਲ ਸਿੰਘ ਖਾਲਸਾ ਸਕੂਲ ਲਾਂਬੜਾ ਵਿਚ ਕੀਤਾ ਜਾ ਰਿਹਾ ਹੈ। ਪੰਜਾਬੀ ਸੱਥ ਦੀਆਂ ਬਹੁ ਪੱਖੀ ਸਰਗਰਮੀਆਂ ਵਿਚੋਂ ਇਹ ਵੀ ਸ਼ਾਮਲ ਹੈ ਕਿ ਹਰ ਸਾਲ ਕੁਝ ਲੇਖਕਾਂ ਪੱਤਰਕਾਰਾਂ ਨੂੰ ਵੱਖ ਵੱਖ ਖੇਤਰਾਂ ਵਿਚ ਪਾਏ ਯੋਗਦਾਨ ਵਾਸਤੇ ਸਨਮਾਨਤ ਕੀਤਾ ਜਾਂਦਾ ਹੈ। ਸੱਥ ਦੇ ਇਸ ਤੀਜੇ ਸਾਲਾਨਾ ਸਮਾਗਮ ਵਿਚ ਇਹਨਾਂ ਲੇਖਕਾ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ :—

ਪੰਜਾਬੀ ਦੇ ਬਜ਼ੁਰਗ ਕਹਾਣੀਕਾਰ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਸਾਹਿਤਕਾਰ ਵਜੋਂ ਵਾਰਸਸ਼ਾਹ ਐਵਾਰਡ ਦਿਤਾ ਜਾ ਰਿਹਾ ਹੈ। ਪੱਤਰਕਾਰੀ ਦੇ ਖੇਤਰ ਵਿਚ ਗਿਆਨੀ ਹੀਰਾ ਸਿੰਘ ਦਰਦ ਐਵਾਰਡ ਸਰਬ ਸਤਿਕਾਰਤ ਵਿਅਕਤੀ (ਬਾਬਾ) ਗੁਰਬਖਸ਼ ਸਿੰਘ ਬੰਨੋਆਣਾ ਨੂੰ ਦਿਤਾ ਜਾ ਰਿਹੈ ਹੈ। ਲੋਕਯਾਨ ਦੇ ਸਬੰਧ ਵਿਚ ਮਹਿੰਦਰ ਸਿੰਘ ਰੰਧਾਵਾ ਐਵਾਰਡ ਇਸ ਖੇਤਰ ਦੇ ਪੁਰਾਣੇ ਨਾਮ ਸ੍ਰੀ ਦੇਵਿੰਦਰ ਸਤਿਆਰਥੀ ਨੂੰ ਦਿਤਾ ਜਾਵੇਗਾ। ਗੁਰਮਤ ਸਾਹਿਤ ਦੇ ਵਿਸ਼ੇ ਤੇ ਭਾਈ ਗੁਰਦਾਸ ਐਵਾਰਡ ਸ: ਜਗਜੀਤ ਸਿੰਘ ਜੀ ਨੂੰ ਦਿਤਾ ਜਾ ਰਿਹਾ ਹੈ। ਬਚਿਆਂ ਦੇ ਕਾਰਜ ਖੇਤਰ ਵਿਚ ਉੱਘੀ ਦੇਣ ਵਾਸਤੇ ਕੰਵਲਜੀਤ ਨੀਲੋਂ ਨੂੰ ਸਨਮਾਨਿਆ ਜਾਵੇਗਾ। ਪਛਮੀ ਪੰਜਾਬ ਵਿਚ ਪੰਜਾਬੀ ਦੀ ਸੇਵਾ ਵਾਸਤੇ ਚਰਚਿਤ ਲੇਖਕ ਜਨਾਬ ਇਲਿਆਸ ਘੁੰਮਣ ਨੂੰ ਸਤਿਕਾਰਨ ਦਾ ਫੈਸਲਾ ਹੈ, ਅਤੇ ਗਿਆਨ ਵਿਗਿਆਨ ਦੇ ਖੇਤਰ ਵਿਚ ਯੋਗਦਾਨ ਲਈ ਪੰਜਾਬੀ ਲੇਖਕਾਂ ਡਾ: ਜਸਵੰਤ ਗਿਲ ਨੂੰ ਸਨਮਾਨ ਭੇਂਟ ਕੀਤਾ ਜਾਵੇਗਾ। ਇਹਨਾਂ ਸਾਰੇ ਲੇਖਕਾਂ ਨੂੰ ਹਰ ਇਕ ਨੂੰ ਇਕਵੰਜਾ ਸੌ ਰੁਪਏ ਨਕਦ ਅਤੇ ਸਨਮਾਨ ਚਿੰਨ ਭੇਟਾ ਕੀਤੇ ਜਾਣਗੇ। ਇਹਨਾਂ ਬਾਰੇ ਵਖ ਵਖ ਵਿਦਵਾਨ ਵਿਚਾਰ ਪੇਸ਼ ਕਰਨਗੇ। ਸਨਮਾਨਿਤ ਲੇਖਕ ਅਤੇ ਹੋਰ ਸਾਹਿਤਕਾਰ ਸੱਥ ਨੂੰ ਸੰਬੋਧਨ ਕਰਨਗੇ। ਅੰਤ ਉਤੇ ਸੱਥ ਵਲੋਂ ਲੰਗਰ ਛਕਾਇਆ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਪ੍ਰੋ: ਵਾਈਸ ਚਾਂਸਲਰ ਡਾ: ਜੁਗਿੰਦਰ ਸਿੰਘ ਪੁਆਰ ਕਰਨਗੇ। ਸੱਥ ਦੇ ਸਮਾਗਮ ਹਮੇਸ਼ਾਂ ਬਹੁਤ ਭਰਵੇਂ ਹੁੰਦੇ ਹਨ ਅਤੇ ਪਰੇਮ ਪਿਆਰ ਦਾ ਮਾਹੌਲ ਹੁੰਦਾ ਹੈ।


Sri Satguru Jagjit Singh Ji eLibrary NamdhariElibrary@gmail.com

# ਹੋਲਾ ਮਹੱਲਾ ਸ੍ਰੀ ਭੈਣੀ ਸਾਹਿਬ

ਸ੍ਰੀ ਭੈਣੀ ਸਾਹਿਬ, ਨਵੀਨ ਜੁਗ ਦੀ ਤਪੋਭੂਮੀ ਨਿਰੰਤਰ ਨਾਮ ਸਿਮਰਨ ਦੀਆ ਵਰਨੀਆਂ ਅਤੇ ਹਵਨ ਯੱਗ ਦੀ ਸੁਗੰਧੀ ਨਾਲ ਭਰਪੂਰ, ਚਾਰ ਦਿਨ ਵਾਸਤੇ ਦੇਸ਼ ਵਿਦੇਸ਼ ਤੋਂ ਆਈਆਂ ਹਜ਼ਾਰਾਂ ਸੰਗਤਾਂ ਵਾਸਤੇ ਵਿਸ਼ੇਸ਼ ਖਿੱਚ ਦਾ ਕੇਂਦਰ ਬਣੀ ਰਹੀ। ਕਾਰਨ ਸੀ ਹੋਲੇ ਮਹੱਲੇ ਦਾ ਵਾਰਸ਼ਕ ਸਮਾਗਮ। ਇਸ ਸਮਾਗਮ ਦੇ ਨਾਲ ਹੀ ਸਤਿਗੁਰੂ ਬਾਲਕ ਸਿੰਘ ਜੀ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਜਨਮ ਦਿਵਸਾਂ ਨੂੰ ਜੋੜ ਕੇ ਇਸ ਪੁਰਬ ਨੂੰ ਤ੍ਰਿਬੇਣੀ ਜੰਗਮ ਤੀਰਥ ਦਾ ਰੂਪ ਹੀ ਦੇ ਦਿਤਾ ਗਿਆ ਹੈ। ਇਸ ਵਾਰ ਸੰਗਤਾਂ ਖਾਸ ਕਰ ਕੇ ਭਾਰਤ ਦੀਆਂ ਸੰਗਤਾਂ ਦੀ ਉਤਸੁਕਤਾ ਦਾ ਇਕ ਹੋਰ ਵੀ ਕਾਰਨ ਸੀ। ਸਤਿਗੁਰੂ ਜਗਜੀਤ ਸਿੰਘ ਜੀ ਬਦੇਸ਼ੀ ਮੁਲਕਾਂ ਜਿਵੇਂ ਅਮਰੀਕਾ, ਕੈਨੇਡਾ, ਯੂ. ਕੇ ਜਰਮਨੀ ਆਦਿ ਦੇਸ਼ਾਂ ਦੇ ਲੰਮੇ ਦੌਰੇ ਬਾਅਦ ਭਾਰਤ ਆਏ ਸਨ ਅਤੇ ਨਾਮਧਾਰੀਆਂ ਵਾਸਤੇ ਤਾਂ ਇਹ ਲੰਮੀ ਜੁਦਾਈ ਕਲਿਜੁਗ ਦੇ ਸਮਾਨ ਹੁੰਦੀ ਹੈ। ਸੋ ੮, ੯, ੧੦, ੧੧ ਮਾਰਚ ਦੇ ਚਾਰ ਚਮਕਦੇ ਦਿਨ ਮੌਸਮੀ ਨਿੱਘ ਦੇ ਨਾਲ ਨਾਲ ਸਤਿਗੁਰੂ ਦਰਸ਼ਨਾਂ ਦੇ ਸੁਖ ਨਾਲ ਵੀ ਭਰਪੂਰ ਸਨ।

ਇਸ ਵਾਰ ਸ੍ਰੀ ਭੈਣੀ ਸਾਹਿਬ ਬਹੁਤ ਨਿਖਰਿਆ ਨਿਖਰਿਆ ਤੇ ਬਦਲਿਆ ਹੋਇਆ ਲਗਦਾ ਸੀ। ਨਵੀਂ ਉਸਾਰੀ ਨੇ ਨਕਸ਼ਾ ਬਦਲਿਆ ਹੋਇਆ ਸੀ। ਸੰਗਤਾਂ ਦੀ ਰਿਹਾਇਸ਼ ਲਈ ਨਵੇਂ ਕਮਰੇ ਅਤੇ ਉਸਾਰੀ ਉਡੀਕਦੇ ਹੋਰ ਥਾਂ ਪੁਰਾਣੀਆਂ ਗਲਾਂ ਨੂੰ ਯਾਦਾਂ ਦੇ ਕੋਸ਼ ਵਿਚ ਜਮਾ ਕਰ ਰਹੇ ਸਨ। ਨਵੀਨ ਢੰਗ ਨਾਲ ਬਣ ਰਿਹਾ ਪੁਰਾਤਨ ਰਾਮ ਸਰ ਬਦੋ ਬਦੀ ਸੰਗਤਾਂ ਨੂੰ ਇਸ਼ਨਾਨ ਵਾਸਤੇ ਸੱਦਾ ਦੇ ਰਿਹਾ ਸੀ। ਧਰਤੀ ਦੀ ਹਿੱਕ ਵਿਚੋਂ ਆਉਂਦਾ ਸਾਫ ਨਿਰਮਲ ਤੇ ਪਵਿਤਰ ਜਲ ਅਮ੍ਰਿਤ ਦੀ ਹੈਸੀਅਤ ਤਾਂ ਰਖਦਾ ਹੀ ਹੈ ਇਸ ਦੇ ਦਰਸ਼ਨ ਵੀ ਅਖਾਂ ਨੂੰ ਤ੍ਰਿਪਤ ਕਰ ਰਹੇ ਸਨ। ਰਾਮਸਰ ਪਰੀਸਰ ਵਾਲੇ ਪਾਸੇ ਵਡੇ ਦਵਾਰ ਤੋਂ ਧੁਰ ਸਤਿਗੁਰੂ ਪ੍ਰਤਾਪ ਸਿੰਘ ਸਿਮਰਤੀ ਮੰਦਰ ਤਕ ਹੁਣੇ ਹੁਣੇ ਪਕੀ ਕੀਤੀ ਸੜਕ ਆਲੇ ਦੁਆਲੇ ਉੱਚੇ ਤੇ ਪੱਕੇ ਕੀਤੇ ਕੰਢੇ ਅਤੇ ਘਾਹ ਲਾਉਣ ਵਾਸਤੇ ਕੀਤੀ ਵਿਵਸਥਾ ਕੋਠੀ ਕੋਲ ਪਿਪਲ ਥਲੇ ਬਣੇ ਸੁਆਗਤੀ ਦਫਤਰ ਤੇ ਕੋਠੀ ਨਾਲੋਂ ਲਾਹੇ ਜਾ ਰਹੇ ਪੁਰਾਣੇ ਕਮਰੇ, ਕੋਠੀ ਅੰਦਰ ਨਵੇਂ ਦੁਆਰ ਨਵੇਂ ਰਾਹ, ਨਵੇਂ ਕਮਰੇ, ਹਾਲ। ਇਹ ਕਮਾਲ ਸੀ ਜਾਂ ਕਰਾਮਾਤ ਪਰ ਮਨ ਤੇ ਨਵੀਨਤਾ ਦਾ ਪ੍ਰਭਾਵ ਸਿਰਜ ਰਹੇ ਸਨ। ਖੇੜੇ ਮਿਲਾਪ ਅਤੇ ਸ਼ਾਂਤੀ ਦਾ ਵਾਤਾਵਰਣ ਸੀ। ਹਥਾਂ ਵਿਚ ਮਾਲਾ ਫੜੀ ਚਿਟੇ ਕਪੜਿਆਂ ਵਿਚ ਸਾਤਵਿਕ ਬਿਰਤੀ ਵਿਚ ਵਿਚਰਦੇ ਬਾਲ ਜੁਆਨ ਬਿਰਧ ਸਿੰਘ ਤੇ ਬੀਬੀਆਂ ਇਕ ਨਿਯਮ ਬਧ ਵਗਦੀ ਗੰਗਾ ਦਾ ਪ੍ਰਭਾਵ ਸਿਰਜਦੇ ਸਨ। ਸਮੇਂ ਸਮੇਂ ਆਉਂਦੇ ਢੋਲਕ ਛੈਣਿਆਂ ਨਾਲ ਉਚੀਆਂ ਧਾਰਨਾਂ ਵਿਚ ਕੀਰਤਨ ਕਰਦੇ ਜਥੇ ਗੁਰੂ ਦਰਸ਼ਨਾਂ ਦੀ ਪਿਆਸ ਅਤੇ ਗੁਰੂ ਮਹਿਮਾ ਦਾ ਵਰਨਣ ਕਰਕੇ ਸੰਤ ਸੇਵਾ ਦੇ ਰੰਗ ਵਿਚ ਰੰਗੇ ਲਗਦੇ ਸਨ। ਸ਼ਾਇਦ ਇਹੋ ਜਿਹੀ ਹੋਲੀ ਦੇ ਪਰਸੰਗ ਵਿਚ ਹੀ ਗਰੂ ਅਰਜਨ ਦੇਵ ਜੀ ਨੇ ਲਿਖਿਆ ਹੈ, "ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

ਇਹਨਾਂ ਚਾਰ ਦਿਨਾਂ ਵਿਚ ਦਿਨ ਕਦੋਂ ਸ਼ੁਰੂ ਹੁੰਦਾ ਤੇ ਰਾਤ ਕਦੋਂ ਖਤਮ ਹੁੰਦੀ ਪਤਾ ਨਹੀਂ ਸੀ ਲਗਦਾ ਅਤੇ ਨਾ ਹੀ ਪਤਾ ਲਗਦਾ ਕਿ ਥਿਤ ਵਾਰ ਤਾਰੀਖ ਦਿਨ ਕੀ ਹੈ। ਜਦੋਂ ਜਾਗਦੇ ਹੋਵੋ ਤਾਂ ਵੀ ਕੀਰਤਨ ਤੇ ਜਦੋਂ ਸਵੋਂ ਤਾਂ ਵੀ ਕੀਰਤਨ ਹੋ ਰਿਹਾ ਹੁੰਦਾ। ਨੀਂਦਰ ਤੇ ਦਲਿਦਰ ਇਥੇ ਠਹਿਰ ਹੀ ਨਾ ਸਕਦੇ।

ਅਮ੍ਰਿਤ ਵੇਲੇ ਦੀ ਆਸਾ ਦੀ ਵਾਰ ਕਿਤੇ ਤਿੰਨ ਵਜੇ ਆਰੰਭ ਹੋ ਜਾਂਦੀ। ਕਦੇ ਪਰਬੀਨ ਰਾਗੀਆਂ ਦੁਆਰਾ ਤੇ ਕਦੇ ਢੋਲਕ ਛੈਣਿਆਂ ਵਾਲਿਆਂ ਦੇ ਵਾਰੇ ਦੇ ਰੂਪ ਵਿਚ। ਫਿਰ ਸਾਰਾ ਦਿਨ ਦੀਵਾਨ ਲਗੇ ਰਹਿੰਦੇ ਜਿਹਦੇ ਵਿਚ ਸਿਲਸਲੇਵਾਰ ਨਾਮਧਾਰੀ ਜਗਤ ਦੇ ਨਾਮਵਰ ਜਥੇਦਾਰ ਵਖ ਵਖ ਵਿਸ਼ਿਆਂ ਤੇ ਲੈਕਚਰ ਦਿੰਦੇ ਅਤੇ ਕੀਰਤਨ ਕਰਦੇ। ਦੁਪਹਿਰ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸਾਮੂਹਕ ਨਾਮ ਸਿਮਰਨ ਹੁੰਦਾ ਅਤੇ ਫੇਰ ਰਾਗੀਆਂ ਦਾ ਉਹ ਕੀਰਤਨ ਜੋ ਹੋਰ ਥਾਈਂ ਦੁਰਲਭ ਹੈ। ਗੁਰਮਤ ਅਤੇ ਸ਼ਾਸਤਰੀ ਸੰਗੀਤ ਵਿਚ ਪਾਰੰਗਤ ਰਾਗੀਆਂ ਦੀ ਅਗਵਾਈ ਖੁਦ ਸਤਿਗੁਰੂ ਜੀ ਆਪ ਕਰਦੇ ਤੇ ਫੇਰ ਵਿਸਮਾਦ ਦੀਆਂ ਉਚੀਆਂ ਮੰਜ਼ਲਾਂ ਵਿਚ ਸੁਰਤਾਂ ਚਲੀਆਂ ਜਾਂਦੀਆਂ। ਰਾਤ ਨੂੰ ਮੁੜ ਦੀਵਾਨ ਸਜਦੇ ਤੇ ਵੱਖ ਵੱਖ ਜਥੇਦਾਰ ਆਪਣੇ ਜਥਿਆਂ ਸਹਿਤ ਸਾਰੀ ਰਾਤ ਕੀਰਤਨ ਕਰਦੇ ਅਤੇ ਸਵੇਰੇ ਉਹਨਾਂ ਨੂੰ ਆ ਕੇ ਆਸਾ ਦੀ ਵਾਰ ਵਾਲੇ ਹੀ ਹਟਾਉਂਦੇ।

ਇਹਨਾਂ ਲੋਕਾਂ ਦੀ ਮਹਿਮਾ ਬਿਆਨ ਨਹੀਂ ਕੀਤੀ ਜਾ ਸਕਦੀ ਜੋ ਨਿਰੰਤਰ ਕੀਰਤਨ ਕਰਦੇ। ਸੇਵਾਦਾਰ ਜੋ ਦੀਵਾਨ ਅਸਥਾਨਾਂ ਨੂੰ ਸੰਵਾਰਦੇ ਵਛਾਈ ਕਰਕੇ ਸਾਧ ਸੰਗਤ ਦੀ ਆਵਾਜਾਈ ਨੂੰ ਸੰਭਾਲਦੇ ਤੇ ਥਾਉਂ ਥਾਈ ਬਿਠਾਲਦੇ। ਦਿਨ ਰਾਤ ਲੰਗਰ ਪਕਾਉਂਦੇ ਛਕਾਉਂਦੇ ਡੇਰਿਆਂ ਦਾ ਪਰਬੰਧ ਬਿਸਤਰਿਆਂ ਦਾ ਪਰਬੰਧ ਕਰਦੇ। ਅਸਲ ਵਿਚ ਇਹਨਾਂ ਮਹਾਂਪੁਰਖਾਂ ਦਾ ਵਿਸਥਾਰ ਸਹਿਤ ਜ਼ਿਕਰ ਹੋ ਹੀ ਨਹੀਂ ਸਕਦਾ ਪਰ ਸਾਰਾ ਕਾਰਜ ਇਵੇਂ ਸੀ ਜਿਵੇਂ ਮਸ਼ੀਨ ਦੀਆਂ ਗਰਾਰੀਆਂ ਤੇ ਚੇਨਾਂ ਆਪੇ ਚਲ ਰਹੀਆਂ ਹੋਣ। ਇਹ ਸੇਵਾ ਕਰਕੇ ਵੀ ਨਿਮ੍ਰ ਭਾਵ ਰਹਿੰਦੇ।



Sri Satguru Jagjit Singh Ji eLibrary NamdhariElibrary@gmail.com

ਗਿਆਨ ਮਾਰਤੰਡ ਪੰਡਿਤ ਗੋਪਾਲ ਸਿੰਘ ਜੀ, ਕਾਵਿ ਭੂਸ਼ਣ ਸੰਤ ਜੀਵਨ ਸਿੰਘ ਕਵੀਸ਼ਰ, ਸਰਬ ਸਤਿਕਾਰਤ ਜਥੇਦਾਰ ਗਿਆਨ ਸਿੰਘ ਜੀ, ਜਥੇਦਾਰ ਨਿਰੰਜਣ ਸਿੰਘ ਜੀ ਕੱਕੜ, ਬਾਬਾ ਛਿੰਦਾ ਸਿੰਘ ਜੀ, ਜਥੇਦਾਰ ਸੇਵਾ ਸਿੰਘ ਦਿੱਲੀ, ਸੂਬਾ ਸੇਵਾ ਸਿੰਘ ਯਮਨਾ ਨਗਰ, ਜਥੇਦਾਰ ਗੁਰਬਚਨ ਸਿੰਘ ਸੰਤ ਨਗਰ, ਜਥੇਦਾਰ ਅਜੈਬ ਸਿੰਘ, ਦਾਨ ਸਿੰਘ, ਅਜੀਤ ਸਿੰਘ, ਮਾਸਟਰ ਦਰਸ਼ਨ ਸਿੰਘ, ਬਲੀ ਸਿੰਘ, ਗੁਰਮੁਖ ਸਿੰਘ, ਨਿਰੰਜਨ ਸਿੰਘ ਕੰਗ ਟਮਕੋਦੀ ਅਤੇ ਹੋਰ ਮਾਨਯੋਗ ਜਥੇਦਾਰਾਂ ਦੇ ਦੀਵਾਨ ਉਠਣ ਨਾ ਦਿੰਦੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਛੋਟੇ ਬਚਿਆਂ ਦੇ ਲੈਕਚਰ ਦੀਵਾਨ ਤਾਂ ਸਮਾਂ ਖਲਾਰ ਦਿੰਦੇ ।

੯ ਸ਼ਾਮ ਨੂੰ ਇਕ ਭਰਵਾਂ ਕਵੀ ਦਰਬਾਰ ਹੋਇਆ ਜਿਸ ਵਿਚ ਚੜ੍ਹਦੀ ਤੋਂ ਚੜ੍ਹਦੀ ਕਵਿਤਾ ਲੋਕ ਹਿਰਦਿਆਂ 'ਚ ਉਤਰਦੀ ਗਈ । ਸ: ਚਮਨ ਸਿੰਘ ਚਮਨ ਹਰਿਗੋਬਿੰਦ-ਪੁਰੀ, ਫਕੀਰ ਚੰਦ ਤੁਲੀ, ਅਜੀਤ ਸਿੰਘ ਚੀਮਾ, ਮਾਸਟਰ ਅਮਰੀਕ ਸਿੰਘ, ਪ੍ਰੀਤਮ ਸਿੰਘ ਕਵੀ, ਪ੍ਰੀਤਮ ਸਿੰਘ ਪੰਛੀ, ਸਾਧੂ ਸਿੰਘ ਕਿਸਾਨ, ਸੁਰਜੀਤ ਖੁਰਸ਼ੀਦੀ, ਸੁਰਿੰਦਰ ਕੌਰ ਖਰਲ, ਗੁਰਦਿਆਲ ਸਿੰਘ ਪ੍ਰੀਤ, ਗੁਰਬਖਸ਼ ਸਿੰਘ ਰਾਮਪੁਰੀ, ਹਰਜੀਤ ਸਿੰਘ ਭੰਵਰਾ ਜਿਹੇ ਕਾਵਿ ਗਗਨ ਦੇ ਚਮਕਦੇ ਸਿਤਾਰਿਆਂ ਨੇ ਆਪਣੀਆਂ ਕਵਿਤਾਵਾਂ ਰਾਹੀ, ਗੁਰੂ ਮਹਿਮਾ ਨਾਮਧਾਰੀ ਇਤਿਹਾਸ ਅਤੇ ਗੁਰਮਤ ਫਿਲਾਸਫੀ ਦੀ ਲੋਅ ਨਾਲ ਨੂਰੋ ਨੂਰ ਕਰੀ ਰਖਿਆ ।

ਤਿੰਨ ਘੰਟੇ ਚਲੇ ਸਿਖਰ ਦੀ ਹਾਜ਼ਰੀ ਵਾਲੇ ਕਵੀ ਦਰਬਾਰ ਦੀ ਪ੍ਰਧਾਨਗੀ ਯੂ. ਕੇ. ਵਾਲੇ ਸੰਤ ਬਚਿਤਰ ਸਿੰਘ ਜੀ ਨੇ ਕੀਤੀ । ਕਵੀ ਦਰਬਾਰ ਦਾ ਸਯੋਗ ਪਰਬੰਧ ਅਤੇ ਮੰਚ ਸੰਚਾਲਨ ਪ੍ਰਿੰਸੀਪਲ ਅਜੀਤ ਸਿੰਘ ਚੀਮਾ ਨੇ ਕੀਤਾ ਜੈਕਾਰਿਆਂ ਦੀ ਗੂੰਜ ਰਾਤ ਦੇ ਸਨਾਟੇ ਨੂੰ ਤੋੜ ਦਿੰਦੀ ਅਤੇ ਸ: ਦਲੀਪ ਸਿੰਘ ਨਾਮਧਾਰੀ ਨੂੰ ਇਨਾਮਾਂ ਤੀ ਲਿਸਟ ਪੜ੍ਹਦਿਆਂ ਸਾਹ ਲੈਣ ਦੀ ਵਿਹਲ ਨਾ ਮਿਲਦੀ।

ਦਸ ਮਾਰਚ ਦੁਪਹਿਰ ਦੇ ਹਜ਼ੂਰੀ ਦੀਵਾਨ ਵਿਚ ਕੁਝ ਵਿਦਵਾਨਾਂ ਦੇ ਵਿਚਾਰਾਂ ਨੇ ਸਦੀਵੀ ਪ੍ਰਭਾਵ ਸਿਰਜਿਆ, ਪੰਥ ਰਤਨ ਮਾਸਟਰ ਨਿਹਾਲ ਸਿੰਘ ਸ: ਹਰਵਿੰਦਰ ਸਿੰਘ ਹੰਸਪਾਲ, ਡਾ: ਭਗਵਾਨ ਦਾਸ ਵਰਮਾ ਔਰੰਗਾਬਾਦ, ਸ: ਜਸਵਿੰਦਰ ਸਿੰਘ, ਸ: ਗੁਰਬਚਨ ਸਿੰਘ (ਡਾਲਟੰਨ ਗੰਜ) ਚੰਡੀਗੜ੍ਹ, ਸਵਰਨ ਸਿੰਘ ਸਨੇਹੀ ਤੇ ਜਗਦੀਸ਼ ਸਿੰਘ ਸੰਪਾਦਕ ਵਰਿਆਮ ਆਦਿਕ ਗੁਰੂ ਮਹਿਮਾ ਸੰਬੰਧੀ ਵਿਚਾਰ ਰਖੇ ।

ਰਾਗੀਆਂ ਦੇ ਕੀਰਤਨ ਵਿਚ ਮਹਾਰਾਜ ਬੀਰ ਸਿੰਘ ਜੀ ਉਸਤਾਦ ਹਰਭਜਨ ਸਿੰਘ ਜੀ, ਸੰਤ ਖਜ਼ਾਨ ਸਿੰਘ, ਹਰਬੰਸ ਸਿੰਘ ਘੁੱਲਾ, ਮੋਹਨ ਸਿੰਘ, ਸੁਖਦੇਵ ਸਿੰਘ ਸੁਰਜੀਤ ਸਿੰਘ, ਜਤਿੰਦਰਪਾਲ ਸਿੰਘ, ਗੁਰਪ੍ਰੀਤ ਸਿੰਘ ਅਤੇ ਹੋਰ ਸਹਿਯੋਗੀਆਂ ਨੇ ਹਿਸਾ ਲਿਆ । ਦਿਲਰੁਬਾ, ਸਾਰੰਗੀ, ਤਬਲੇ ਪਖਾਵਜਾਂ ਦੇ ਮਿਲਵੇਂ ਨਗਮਿਆਂ ਦੇ ਬੋਲ ਅਤੇ ਰਾਗੀਆਂ ਦੇ ਉਤਲੀਆਂ ਸੁਰਾਂ ਨੇ ਛੋਹੰਦੇ ਗਲੇ ਅਜਿਹਾ ਕੀਰਤਨ ਸ੍ਰੀ ਭੈਣੀ ਸਾਹਿਬ ਦੇ ਮੰਚ ਤੋਂ ਹੀ ਸੁਣਿਆ ਜਾ ਸਕਦਾ ਹੈ । ਧੁਰ ਆਤਮਾ ਨੂੰ ਝੰਜੋੜ ਕੇ ਪਰਮਾਤਮਾ ਨਾਲ ਮਿਲਾਉਣ ਵਾਲਾ ।

ਅੰਤਲੇ ਦਿਨ ਅੰਮ੍ਰਿਤ ਵੇਲੇ ਰਾਗੀਆਂ ਦੀ ਆਸਾ ਦੀ ਵਾਰ ਦਾ ਕੀਰਤਨ ਆਰੰਭ ਹੋਇਆ । ਜਦੋਂ ਸਿਖਰ ਤੇ ਪਹੁੰਚਿਆ ਤਾਂ ਬਦਲ ਆਉਣੇ ਸ਼ੁਰੂ ਹੋ ਗਏ । ਕੁਝ ਦੇਰ ਬਾਅਦ ਬੂੰਦਾ-ਬਾਂਦੀ ਅਤੇ ਤੇਜ਼ ਹਵਾ ਦੀ ਸ਼ੂਕਰ ਨਾਲ । ਪੰਡਾਲ ਦੇ ਬਲਬ ਪੀਂਘਾਂ ਵਾਂਗ ਝੂਲਣ ਲਗੇ । ਅਨੰਦ ਕਾਰਜਾ ਵਾਲੇ ਜੋੜੇ ਮੰਡਪ ਵਿਚ ਬਿਰਾਜਮਾਨ ਸਨ । ਸੇਵਾਦਾਰਾਂ ਨੇ ਬਾਹਰ ਖੁਲੇ ਪੰਡਾਲ ਤੋਂ ਦੀਵਾਨ ਨੂੰ ਅੰਦਰ ਸਿਮ੍ਰਤੀ ਮੰਦਰ ਵਿਚ ਲੈ ਜਾਣ ਦੀ ਤਿਆਰੀ ਕਰ ਲਈ ਪਰ ਸਤਿਗੁਰੂ ਜੀ ਅਡੋਲ ਬੈਠੇ ਰਹੇ ਅਤੇ ਕੀਰਤਨ ਹੁੰਦਾ ਰਿਹਾ । ਸਾਧ ਸੰਗਤ ਵੀ ਮੀਂਹ ਵਿਚ ਬੈਠੀ ਰਹੀ । ਹੌਲੀ ਹੌਲੀ ਸਭ ਕੁਝ ਥੰਮ ਗਿਆ। ਅਨੰਦ ਕਾਰਜ ਵੀ ਹੋਏ ਪਾਠਾਂ ਦੇ ਭੋਗ ਵੀ ਪਾਏ ਗਏ ਅਤੇ ਅਰਦਾਸ ਵੀ ਹੋਈ ।

ਅੰਤ ਉਤੇ ਸਤਿਗੁਰੂ ਜੀ ਵਲੋਂ ਅਹਿਮ ਐਲਾਨ ਜਗਦੀਸ਼ ਸਿੰਘ ਸੰਪਾਦਕ ਵਰਿਆਮ ਰਾਹੀਂ ਕੀਤਾ ਗਿਆ ਕਿ ਸ: ਹਰਵਿੰਦਰ ਸਿੰਘ ਹੰਸਪਾਲ ਜੀ ਦਾ ਵਿਸ਼ੇਸ਼ ਸਨਮਾਨ ਕਰਦੇ ਹੋਏ ਉਹਨਾਂ ਨੂੰ 'ਪੰਥ ਭੂਸ਼ਣ' ਦੀ ਉਪਾਧੀ ਨਾਲ ਨਿਵਾਜਿਆ ਕੀਤਾ ਜਾ ਰਿਹਾ ਹੈ ।

ਮੌਸਮ ਨੇ ਵੀ ਆਗਿਆ ਮੰਨ ਲਈ ਸੀ । ਹੰਸਪਾਲ ਜੀ ਨੂੰ ਸਿਰੋਪਾਓ, ਆਸਨ, ਮਾਲਾ, ਗੜਵਾ, ਪਊਇਆਂ ਦੀ ਜੋੜੀ ਸਹਿਤ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਕਰ ਕਮਲਾਂ ਦੁਆਰਾ ਪ੍ਰਦਾਨ ਕੀਤਾ ਗਿਆ । ਜੈਕਾਰਿਆਂ ਦੀ ਗੂੰਜ ਨਾਲ ਸਾਧ ਸੰਗਤ ਨੇ ਸਤਿਕਾਰ ਨੂੰ ਸਤਿਕਾਰਿਆ । ਕੈਮਰਿਆਂ ਅਤੇ ਵੀਡੀਓ ਫਲੈਸ਼ਾਂ ਨੇ ਚਮਕਾਂ ਮਾਰੀਆਂ । ਇਸ ਸਮੇਂ ਇਹ ਐਲਾਨ ਕੀਤਾ ਗਿਆ ਕਿ ਅਗਲਾ ਹੋਲਾ ਨੈਰੋਬੀ ਵਾਲੇ ਸੂਬਾ ਸਤਿਨਾਮ ਸਿੰਘ ਜੀ ਦੇ ਪਰਿਵਾਰ ਵਲੋਂ ਭਾਵ ਸਵਰਗਵਾਸੀ ਸੂਬਾ ਦਰਸ਼ਨ ਸਿੰਘ ਜੀ ਦੇ ਪਰਿਵਾਰ ਵਲੋਂ ਹੋਵੇਗਾ ।

ਸਤਿਗੁਰੂ ਜੀ ਥਾਈਲੈਂਡ ਵਾਸਤੇ ਪ੍ਰਸਥਾਨ ਕਰ ਗਏ ਅਤੇ ਸਾਧ ਸੰਗਤ ਨੇ ਲੰਗਰ ਪਾਣੀ ਛੱਕ ਕੇ ਅਗਲੇ ਮੇਲੇ ਤੇ ਮੁੜ ਮਿਲਣ ਦੀ ਸ਼ੁਭ ਇਛਾ ਮਨ ਵਿਚ ਸੰਭਾਲ ਕੇ ਆਪਣੇ ਘਰਾਂ ਨਗਰਾਂ ਵਲ ਜਾਣ ਵਾਸਤੇ ਕਮਰਕੱਸੇ ਕਰ ਲਏ ।●



Sri Satguru Jagjit Singh Ji eLibrary NamdhariElibrary@gmail.com

## "ਕੀਟ ਨਾਸ਼ਕ : ਸਮੱਸਿਆਵਾਂ ਤੇ ਬਦਲ"

ਵਾਤਾਵਰਣ ਦੇ ਇਸ ਮਹਤਵਪੂਰਣ ਵਿਸ਼ੇ ਉੱਪਰ ਭਾਰਤ ਦੀ ਵਾਲੰਟਰੀ ਹੈਲਥ ਐਸੋਸੀਏਸ਼ਨ' ਵਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ੨੦ ਮਾਰਚ ਨੂੰ ਇਕ ਦਿਨ ਦਾ ਚੇਤਨਾ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਸਮਾਰੋਹ ਵਿਚ ਜਲੰਧਰ ਅਤੇ ਅੰਮ੍ਰਿਤਸਰ ਤੋਂ ਵਾਤਾਵਰਣ, ਸਿਹਤ ਅਤੇ ਖੇਤੀਬਾੜੀ ਦੇ ਮਾਹਿਰਾਂ ਨੇ ਸ਼ਿਰਕਤ ਕੀਤੀ। ਜਲੰਧਰ ਤੋਂ ਸ: ਪਿਆਰਾ ਸਿੰਘ ਲਾਂਬੜਾ ਦੀ ਅਗਵਾਈ ਹੇਠ ਕੁਝ ਕਿਸਾਨ ਵੀ ਪੁਜੇ ਸਨ। ਇਸ ਤਰ੍ਹਾਂ ਮਾਹਿਰਾਂ ਤੇ ਕਿਸਾਨਾਂ ਨੇ ਰੂਬਰ ਬੈਠ ਕੇ ਖੁਲ੍ਹਦਿਲੀ ਨਾਲ ਵਿਚਾਰ ਵਟਾਂਦਰਾ ਕੀਤਾ। ਡਾ: ਨਿਰਮਲ ਸਿੰਘ (ਪੰਜਾਬੀ ਸੱਥ-ਲਾਂਬੜਾ), ਪ੍ਰੋ: ਨਿਰੰਜਨ ਸਿੰਘ ਢੇਸੀ ਅਤੇ ਸ: ਤ੍ਰਿਲੋਚਨ ਸਿੰਘ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਸਮਾਰੋਹ ਤੇ ੨੯ ਮਿੰਟਾਂ ਦੀ ਜਨਚੇਤਨਾ ਭਰਪੂਰ ਡਾਕੂਮੈਂਟਰੀ "ਦੀ ਕਿਲਿੰਗ ਫੀਲਡਜ਼" ਵੀ ਦਿਖਾਈ ਗਈ। ਕੀਟਨਾਸ਼ਕਾਂ ਦੇ ਮਨੁਖੀ ਜੀਵਨ ਉਪਰ ਪੈਂਦੇ ਮੰਦ ਪ੍ਰਭਾਵਾਂ ਤੇ ਦਰਪੇਸ਼ ਖਤਰਿਆਂ ਨੂੰ ਸੰਸਥਾ ਵਲੋਂ ਆਏ ਅਧਿਕਾਰੀ ਸੰਜੇ ਸੇਨ ਗੁਪਤਾ ਨੇ ਖੋਲ੍ਹ ਕੇ ਵਰਣਨ ਕੀਤਾ। ਇਸ ਗੱਲ ਤੇ ਅਫ਼ਸੋਸ ਪ੍ਰਗਟ ਕੀਤਾ ਗਿਆ ਕਿ ਇਸ ਪੱਖ ਵਿਚ ਸਰਕਾਰ ਤੇ ਮੀਡੀਏ ਨੇ ਚੁਪ ਧਾਰੀ ਹੋਈ ਹੈ ਤੇ ਲੋਕਾਂ ਨੂੰ ਚੇਤੰਨ ਕਰਨ ਲਈ ਅਤੇ ਕੀਟਨਾਸ਼ਕਾਂ ਦੇ ਬਦਲ ਪੇਸ਼ ਕਰਨ ਲਈ ਕੁਝ ਨਹੀਂ ਕੀਤਾ ਜਾ ਰਿਹਾ।

## ਮਾਤਾ ਸੰਤ ਕੌਰ ਨਮਿਤ ਪਾਠ

ਸ: ਬਲਕਾਰ ਸਿੰਘ ਜੀ. ਏ. ਅਤੇ ਸ: ਤਾਰਾ ਸਿੰਘ ਅਨਜਾਣ ਦੇ ਮਾਤਾ ਜੀ ਬੀਬੀ ਸੰਤ ਕੌਰ ਜੀ ਪਿਛਲੇ ਦਿਨੀਂ ਸਰਸਾ ਵਿਖੇ ਚੜ੍ਹਾਈ ਕਰ ਗਏ। ਉਹਨਾਂ ਦੀ ਜੀਵ ਆਤਮਾ ਨਮਿਤ ਪਾਠ ਦੇ ਭੋਗ ਦੇ ਅਵਸਰ ਤੇ ੫੦/- ਰੁਪਏ ਵਰਿਆਮ ਵਾਸਤੇ ਭੇਜੇ ਗਏ ਹਥੀਂ ਸੰਤ ਰਘਬੀਰ ਸਿੰਘ ਜੀ।

## ਕਰਤਾਰ ਸਿੰਘ ਪੰਛੀ ਮਲੇਰਕੋਟਲਾ

ਪੰਜਾਬੀ ਦੇ ਪ੍ਰਸਿਧ ਕਵੀ ਅਤੇ ਸਾਹਿਤ ਸਭਾ ਮਲੇਰਕੋਟਲਾ ਦੇ ਪ੍ਰਧਾਨ ਸ: ਕਰਤਾਰ ਸਿੰਘ ਪੰਛੀ ਜੀ ਨੇ ਵਰਿਆਮ ਵਾਸਤੇ ੫੦/-ਰੁਪਏ ਭੇਜੇ ਹਨ।

## ਸ: ਨਰਿੰਦਰ ਸਿੰਘ ਖੁਰਾਣਾ

ਵਰਿਆਮ ਦੇ ਜੀਵਨ ਮੈਂਬਰ ਸ: ਨਰਿੰਦਰ ਸਿੰਘ ਨਾਮਧਾਰੀ, ਖੁਰਾਣਾ ਸੇਲਜ਼ ਏਜੰਸੀ ਕ੍ਰਿਸ਼ਨਾ ਕਲਾਥ ਮਾਰਕਿਟ ਚਾਂਦਨੀ ਚੌਕ ਦਿੱਲੀ ਵਾਲੇ ੧੦੦/- ਰੁਪਏ ਵਰਿਆਮ ਵਾਸਤੇ ਭੇਜਦੇ ਹਨ।

## ਯਾਦਾਂ ਰਹਿ ਗਈਆਂ

—ਜਸਵੰਤ 'ਜੱਸ'—

ਚੁੰਮ ਚੁੰਮ ਰਖੀਂ ਜਿੰਦੇ, ਚਿੱਠੀ ਦਿਲਦਾਰ ਦੀ।
ਜਾਣੀਂ ਗਲਵਕੜੀ ਤੂੰ, ਮਿੱਤਰ ਪਿਆਰ ਦੀ।
ਪਛਾਣੇ ਦੁੱਖ ਦੀ ਜੋ ਨਾੜ, ਗੱਲ ਕਰਦਾ ਵੀਚਾਰ ਦੀ।
ਵਰਿਆਮ ਤਾਂ ਪਿਆਰਾ, ਰਖੇ ਸਮਝ ਮਿਆਰ ਦੀ।

ਮਲ੍ਹਮ ਲਾਉਣ ਨੂੰ ਲਿਆਈ, ਪਾਤੀ ਤੇਰੇ ਇੰਤਜਾਰ ਦੀ।
ਚੁੰਮ ਚੁੰਮ ਰਖੀਂ ਜਿੰਦੇ, ਚਿੱਠੀ ਦਿਲਦਾਰ ਦੀ।
ਚਿੱਠੀ ਨੈਣਾਂ ਦੇ ਝਰੋਖੇ ਵਿਚੋਂ, ਘੱਲੀ ਦੁੱਖ ਮਾਣਕੇ।
ਪੰਜਾਬੋਂ ਬੁੱਲਾ ਕੋਈ ਲਿਆਈ, ਪਾਵੇ ਠੰਡ ਸੀਨੇ ਆਣਕੇ।

ਤੇਰੀ ਰਚਨਾ ਹੈ ਝੂਠੀ, ਦੇਖੀ ਮਿੱਤਰਾ ਪਛਾਣਕੇ।
ਨਾਤਾ ਗੁਰੂ ਦਾ ਹੀ ਪੱਕਾ, ਗੰਢ ਪਕੀ ਪੈਂਦੀ ਆਣਕੇ।
ਗੱਲ ਸਮਝ ਨਾ ਆਵੇ ਮੈਨੂੰ ਉਹਦੇ ਸਤਕਾਰ ਦੀ।
ਚੁੰਮ ਚੁੰਮ ਰਖੀਂ ਜਿੰਦੇ, ਚਿੱਠੀ ਦਿਲਦਾਰ ਦੀ।
ਪੰਥਕ-ਅਮੋਲਕ ਤ੍ਰਿਲੋਕ, ਚਿੱਤਰਕਾਰ ਪਿਆਰਾ ਸੀ।
ਗੁਰੂ ਚਰਨਾਂ ਦਾ ਸੇਵਕ, ਦਿੱਲੀ ਜਥੇ ਦਾ ਸਿਤਾਰਾ ਸੀ।
ਸੋਚ ਖੁਲ੍ਹੀ ਡੁਲ੍ਹੀ ਰਖੇ, ਤਬਲਾ-ਵਾਦਕ ਨਿਆਰਾ ਸੀ।
ਪਾ ਕੇ ਅਨੇਕਾਂ ਹੀ ਇਨਾਮ, ਕੀਤਾ ਜੱਗ ਤੋਂ ਕਿਨਾਰਾ ਸੀ।
ਯਾਦਾਂ ਰਹਿ ਗਈਆਂ ਯਾਦ ! ਜੱਸ ਦੁਨੀਆਂ ਵਿਚਾਰਦੀ।
ਚੁੰਮ ਚੁੰਮ ਰਖੀਂ ਜਿੰਦੇ ਚਿੱਠੀ ਦਿਲਦਾਰ ਦੀ।



ਪਰਮਿੰਦਰ ਸਿੰਘ ਜੋ ਦਿੱਲੀ ਯੂਨੀਵਰਸਿਟੀ ਦਾ ਬਾਡੀ ਬਿਲਡਿੰਗ ਮੁਕਾਬਲਿਆਂ ਦਾ ਚੈਂਪੀਅਨ ਚੁਣਿਆ ਗਿਆ ਹੈ। ਪਰਮਿੰਦਰ ਸਿੰਘ ਸ: ਜਸਵੰਤ ਸਿੰਘ (ਨਾਮਧਾਰੀ ਟੇਲਰਜ਼ ਦਿੱਲੀ) ਦਾ ਸਪੁਤਰ ਅਤੇ ਪੰਥ ਰਤਨ ਸਵ: ਸੰਤ ਅਨੰਤਾ ਸਿੰਘ ਸ੍ਰੀ ਭੈਣੀ ਸਾਹਿਬ ਦਾ ਪੋਤਰਾ ਹੈ।



Sri Satguru Jagjit Singh Ji eLibrary NamdhariElibrary@gmail.com




ਵਰਿਆਮ ਲਈ ਸ਼ੁਭ ਇਛਾਵਾ :

### ਸ. ਅਜੀਤ ਸਿੰਘ ਨਾਮਧਾਰੀ

## ਨਾਮਧਾਰੀ ਬ੍ਰਦਰਜ਼, ਡਾਲਟਨ ਗੰਜ (ਬਿਹਾਰ)

# Namdhari Brothers

**DALTON GANJ (Bihar)**

Prop. : S. AJIT SINGH NAMDHARI

TRADE **OSTER KNIT** MARK

**Top in Fashion Craze Knit**

Manufacturers :

Gents Pullovers, Ladies Cardigon in Pure Wool and Summer Garments in Acryl Fabrics

# *UDEY KNITWEARS*

**Street No. 3, Jammu Colony,**

**LUDHIANA-3.**

Hello : Off. 36349, 405338, Resi. 32449

Grams : "Udey Knitwears"



Sri Satguru Jagjit Singh Ji eLibrary NamdhariElibrary@gmail.com

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : 5455011

# NAMDHARI MARBLE CO.

PROP. : DAYA SINGH BHUI

ALL KINDS OF MARBLE STONE SUPPLIERS

WZ-2, Mansarover Garden, Ring Road,

NEW DELHI-110015

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 58795

**Makhan Singh Saggu**

**Narinder Singh Saggu**

## TECHNO INDUSTRIES

Manufacturers, Fabricators & Exporters Industrial Chain Sprockets & Sugar Mill Spares All Types of Graded Casting & Machinery Parts

E.D. 311, Old Railway Road,

JALANDHAR-144 001.

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU IRON INDUSTRIES

Sugar Mill Spares, Paper & Boards Mill Spares, Textile Mill Spares, Distillery Spares & Solvent Plant Spares

All Type of Gear & Chain Sprockets & Industrial Chain

Partner : S. Puran Singh Saggu

Old Railway Road, JALANDHAR.

---

Phone : 61040

Code : 01824

For Fitting Diesel Engines in Foreign and Indian Cars bodies Contact

# Amarjit Motor Garage

G.T. Road, Opp. Jalandhar Octroi Post,

PHAGWARA (Pb.)

Specialists in :

Mercedes Benz Car Repairing




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM APRIL 1993
Ladowali Rd, Jalandhar-144001.
Registered with the Registrar of News Papers for India No. 26453/76

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ






## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

**PLEASE CONTACT**

Phones : Office : 2528411
,, : 2510346
Resi. : 6845441

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਫੋਨ 222543—ਨਿਵਾਸ 56289

Sri Satguru Jagjit Singh Ji eLibrary NamdhariElibrary@gmail.com